
FARM AND SPICE
Open 7 Days a Week
8.30 am to 9.00 pm
SPECIAL OFFERS: 20-26 OCT
Daily Specials on
ਜੰਬੋ ਗਾਜਰ
Carrot Jumbo
79¢ /lb
ਗਾਲਾ ਬੀ ਸੀ ਸੇਬ
Gala BC Apple
99¢ /lb
ਐਂਬ੍ਰੋਸੀਆ ਸੇਬ
Ambrosia BC Apple
99¢ /lb
ਆਵੋਕਾਡੋ
Avocado
99¢ each
ਫੀਜ਼ੀ ਪੇਠਾ
Fizi Pumpkin
$1.49 /lb
ਸੈਲਰੀ
Celery
$1.99 each
ਮਿਰਚ
Chilli
Hot Long
$1.99 /lb
ਪੁਦੀਨਾ
Mint
99¢ each
ਲੈਟਿਸ ਹੈੱਡ
Lettuce Head
$1.99 each
ਮੈਂਗੋ ਪਲਪ
Guruji
Mango Pulp
850g
$3.99 each
KESAR MANGO PULP
ਅਸ਼ੋਕਾ ਸਾਗ
Ashoka
Sarson Ka Saag
Sarson ka Saag
850g
$1.79 each
ਹੀਰ ਦਾਲਾਂ
Heer Lentils
Moong Washed / Moong Whole/Chickpeas
Moth/Chana Dal/Red Split/Kala Chana/Urad Whole/
4lb
$5.99 each
ਸਵਰਨ ਗੁੜ
Swarn
Pesi Gur
1kg
$3.99 each
ਅਖ਼ਰੋਟ
Walnuts
Bulk
$4.49 /lb
ਚਿੰਗ ਨੂਡਲਜ਼
Ching
Assorted Noodles
240g
$1.99 each
ਮੇਰੀ ਚਾਹ
Meri Chai
Tea Bags
MERI CHAI
Orange Pekoe
216Bags
$6.99 each
ਹੀਰ ਖੰਡ
Heer Sugar
White/Brown
8 lb
$7.99 each
ਹੈਲੋ ਜੀ ਚਾਵਲ
Hello JI
Basmati Rice
Basmati Rice
8lb
$9.99 each
ਕ੍ਰਾਊਨ ਤੇਲ
Crown
Sunflower Oil
3 ltr
$14.99 each
GAGAN
ambay
RAJGIRA TIKKI
NAVRATRA MIXTURE
POTATO CHIPS
PANCHMEVA
NAVRATRI SPECIAL
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ’ਚ ਬਣ ਰਹੇ ਸਾਊਥ ਏਸ਼ੀਅਨ ਮਿਊਜ਼ੀਅਮ ਅੰਦਰ ਸਿੱਖਾਂ ਦੀ ਪਛਾਣ ਨੂੰ ਵੱਖਰਾ ਉਭਾਰਿਆ ਜਾਵੇ:ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕੈਨੇਡਾ ਦੇ ਵਿਰਾਸਤ ਮੰਤਰੀ ਪਾਸਕੇਲ ਐਸਟੀ ਓਂਜ ਨੂੰ ਪੱਤਰ ਲਿਖ ਕੇ ਬ੍ਰਿਟਿਸ਼ ਕੋਲੰਬੀਆ ਵਿਚ ਬਣ ਰਹੇ ‘ਸਾਊਥ ਏਸ਼ੀਅਨ ਮਿਊਜ਼ਮ’ ਵਿਚ ਕੈਨੇਡੀਅਨ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਵਜੋਂ ਸਤਿਕਾਰ ਦੇਣ ਦੀ ਮੰਗ ਕੀਤੀ ਹੈ। ਭਾਈ ਗਰੇਵਾਲ ਵੱਲੋਂ ਲਿਖੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦਾ ਵੱਖਰਾ ਇਤਿਹਾਸ, ਪ੍ਰੰਪਰਾਵਾਂ ਅਤੇ ਪਿਛੋਕੜ ਹੈ।

ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੇ ਕੈਨੇਡਾ ਵਿਚ ਆਪਣੀ ਥਾਂ ਬਣਾਉਣ ਲਈ ਸਖ਼ਤ ਮਿਹਨਤ ਅਤੇ ਲੰਮੀ ਘਾਲਣਾ ਘਾਲੀ ਹੈ। ਭਾਈ ਗਰੇਵਾਲ ਨੇ ਕਿਹਾ ਕਿ ਜਦੋਂ ਸਿੱਖ ਕੋਈ ਪ੍ਰਾਪਤੀ ਕਰਦੇ ਹਨ, ਤਾਂ ਉਸ ਨੂੰ ਦੱਖਣੀ ਏਸ਼ੀਆਈ ਦੇ ਨਾਂ ਹੇਠ ਰਲਗਡ ਕਰ ਦਿੱਤਾ ਜਾਂਦਾ ਹੈ, ਜੋ ਵਿਲੱਖਣ ਪਹਿਚਾਣ ਰੱਖਣ ਵਾਲੇ ਲੋਕਾਂ ਨਾਲ ਧੱਕਾ ਹੈ। ਬੇਸ਼ੱਕ ਸਿੱਖ ਦੱਖਣੀ ਏਸ਼ੀਆ ’ਚ ਪੈਂਦੇ ਖਿੱਤੇ ਪੰਜਾਬ ’ਚੋਂ ਗਏ ਹਨ, ਪਰ ਸਿਰਫ਼ ਇਸ ਨਾਲ ਹੀ ਉਹ ਦੱਖਣੀ ਏਸ਼ੀਆਈ ਨਹੀਂ ਹੋ ਜਾਂਦੇ, ਸਗੋਂ ਆਪਣੀ ਅੱਡਰੀ ਪਛਾਣ ਵੀ ਰੱਖਦੇ ਹਨ। ਉਨ੍ਹਾਂ ਪੱਤਰ ਵਿਚ ਲਿਖਿਆ ਕਿ ਦੱਖਣੀ ਏਸ਼ੀਆ ਵਿਚ ਬਹੁਭਾਂਤੀ ਲੋਕ ਵੱਸਦੇ ਹਨ, ਉਨ੍ਹਾਂ ਦੀ ਪਛਾਣ ਨੂੰ ਇਕੋ ਨਾਂ ਥੱਲੇ ਰਲਗਡ ਕਰਨਾ ਸਭ ਦੀ ਵੱਖਰੀ ਹੋਂਦ ਨੂੰ ਨਕਾਰਨਾ ਹੈ। ਭਾਈ ਗਰੇਵਾਲ ਨੇ ਇਹ ਵੀ ਲਿਖਿਆ ਕਿ ਕੈਨੇਡਾ ਵਿਚ ਵੱਸਦੇ ਸਿੱਖਾਂ ਵੱਲੋਂ ਇਸ ਗੱਲ ਨੂੰ ਲੈ ਕੇ ਇਕ ਮੁਹਿੰਮ ਚਲਾਈ ਜਾ ਰਹੀ ਹੈ ਕਿ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਕੈਨੇਡੀਅਨ ਸਿੱਖਾਂ ਵਜੋਂ ਮਾਨਤਾ ਦਿੱਤੀ ਜਾਵੇ, ਨਾ ਕਿ ਦੱਖਣੀ ਏਸ਼ੀਆਈ ਵਜੋਂ।

ਸਿਰਫ਼ ਸਿੱਖਾਂ ਨੂੰ ਹੀ ਨਹੀਂ ਸਗੋਂ ਹਰ ਭਾਈਚਾਰੇ ਦੀਆਂ ਪ੍ਰਾਪਤੀਆਂ ਨੂੰ ਵੱਖ-ਵੱਖ ਭਾਈਚਾਰਿਆਂ ਦੇ ਵਿਲੱਖਣ ਨਾਵਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ, ਤਾਂ ਜੋ ਕੈਨੇਡਾ ਦੇ ਬਹੁ-ਭਾਈਚਾਰੇ ਦਾ ਸੱਭਿਆਚਾਰ ਸਾਹਮਣੇ ਆਵੇ।ਪੱਤਰ ਵਿਚ ਲਿਖਿਆ ਗਿਆ ਕਿ ਕੈਨੇਡਾ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਸੰਤ ਤੇਜਾ ਸਿੰਘ, ਸ. ਮੇਵਾ ਸਿੰਘ ਲੋਪੋਕੇ, ਗਦਰੀ ਬਾਬਿਆਂ ਦੀ ਪਛਾਣ ਸਿੱਖ ਵਜੋਂ ਹੈ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਦੱਖਣੀ ਏਸ਼ੀਅਨ ਵਜੋਂ ਮਿਲਾ ਕੇ ਦੇਖਣਾ ਸਿੱਖ ਅਤੇ ਪੰਜਾਬੀ ਪਛਾਣ ਨਾਲ ਅਨਿਆਂ ਹੋਵੇਗਾ।

ਪੱਤਰ ਰਾਹੀਂ ਮੰਗ ਕੀਤੀ ਗਈ ਕਿ ਕੈਨੇਡੀਅਨ ਸਿੱਖਾਂ ਦੀਆਂ ਭਾਵਨਾਵਾਂ ਅਨੁਸਾਰ ਬ੍ਰਿਟਿਸ਼ ਕੋਲੰਬੀਆ ਵਿਚ ਬਣ ਰਹੇ ਸਾਊਥ ਏਸ਼ੀਅਨ ਮਿਊਜ਼ੀਅਮ ਵਿਚ ਕੈਨੇਡੀਅਨ ਸਿੱਖਾਂ ਦੀ ਵਿਲੱਖਣ ਪਹਿਚਾਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

# ਭਾਰਤ ਦੀ ਵੰਡ ਇਕ ਇਤਿਹਾਸਕ ਗਲਤੀ ਸੀ:ਓਵੈਸੀ



ਹੈਦਰਾਬਾਦ: ਆਲ ਇੰਡੀਆ ਮਜਲਿਸ-ਏ-ਇਤੇਹਾਦ-ਉਲ ਮੁਸਲਿਮੀਨ (ਏ.ਆਈ.ਐਮ.ਆਈ.ਐਮ.) ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਸੋਮਵਾਰ ਨੂੰ ਕਿਹਾ ਕਿ ਭਾਰਤ ਦੀ ਵੰਡ ਕਦੇ ਨਹੀਂ ਹੋਣੀ ਚਾਹੀਦੀ ਸੀ ਅਤੇ ਇਹ ਇਕ ‘ਇਤਿਹਾਸਕ ਗਲਤੀ’ ਸੀ। ਹੈਦਰਾਬਾਦ ਤੋਂ ਲੋਕ ਸਭਾ ਮੈਂਬਰ ਓਵੈਸੀ ਨੇ ਪ੍ਰੈੱਸ ਕਾਨਫਰੰਸ ’ਚ ਕਿਹਾ ਕਿ ਇਤਿਹਾਸਕ ਤੌਰ ’ਤੇ ਭਾਰਤ ਇਕ ਦੇਸ਼ ਸੀ ਅਤੇ ਬਦਕਿਸਮਤੀ ਨਾਲ ਇਹ ਵੰਡਿਆ ਗਿਆ, ਜੋ ਨਹੀਂ ਹੋਣਾ ਚਾਹੀਦਾ ਸੀ।

ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, ‘‘ਜੇਕਰ ਤੁਸੀਂ ਚਾਹੋ ਤਾਂ ਬਹਿਸ ਕਰੋ ਅਤੇ ਮੈਂ ਤੁਹਾਨੂੰ ਦੱਸਾਂਗਾ ਕਿ ਇਸ ਦੇਸ਼ ਦੀ ਵੰਡ ਲਈ ਕੌਣ ਜ਼ਿੰਮੇਵਾਰ ਹੈ। ਮੈਂ ਉਸ ਸਮੇਂ ਕੀਤੀ ਇਤਿਹਾਸਕ ਗਲਤੀ ਲਈ ਇਕ ਸਤਰ ਦਾ ਜਵਾਬ ਨਹੀਂ ਦੇ ਸਕਦਾ।’’ਓਵੈਸੀ ਨੇ ਆਜ਼ਾਦੀ ਘੁਲਾਟੀਏ ਅਤੇ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਦੀ ਕਿਤਾਬ ‘ਇੰਡੀਆ ਵਿਨਸ ਫਰੀਡਮ’ ਪੜ੍ਹਨ ਦਾ ਸੁਝਾਅ ਦਿੰਦੇ ਹੋਏ ਕਿਹਾ ਕਿ ਇਹ ਪੜ੍ਹਿਆ ਜਾਣਾ ਚਾਹੀਦਾ ਹੈ ਕਿ ਉਹ ਉਸ ਸਮੇਂ ਦੇ ਕਾਂਗਰਸੀ ਨੇਤਾਵਾਂ ਕੋਲ ਕਿਵੇਂ ਗਏ ਅਤੇ ਉਨ੍ਹਾਂ ਨੂੰ ਵੰਡ ਦੀ ਪੇਸ਼ਕਸ਼ ਨੂੰ ਮਨਜ਼ੂਰ ਨਾ ਕਰਨ ਦੀ ਅਪੀਲ ਕੀਤੀ ਸੀ।ਉਨ੍ਹਾਂ ਕਿਹਾ, ‘‘ਇਸ ਦੇਸ਼ ਨੂੰ ਵੰਡਿਆ ਨਹੀਂ ਜਾਣਾ ਚਾਹੀਦਾ ਸੀ। ਉਹ ਗਲਤ ਸੀ। ਉਸ ਸਮੇਂ ਦੇ ਸਾਰੇ ਨੇਤਾ... ਉਹ ਸਾਰੇ ਜ਼ਿੰਮੇਵਾਰ ਸਨ।’’ ਓਵੈਸੀ ਨੇ ਇਹ ਵੀ ਦਾਅਵਾ ਕੀਤਾ ਕਿ ਉਸ ਸਮੇਂ ਦੇ ਇਸਲਾਮਿਕ ਵਿਦਵਾਨਾਂ ਨੇ ਵੀ ਦੋ-ਦੇਸ਼ ਸਿਧਾਂਤ ਦਾ ਵਿਰੋਧ ਕੀਤਾ ਸੀ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਪੰਜ ਸਾਹਿਬਾਨਾਂ ਦੀ ਮੀਟਿੰਗ, ਡੈਸਟੀਨੇਸ਼ਨ ਮੈਰਿਜ ‘ਤੇ ਲਗਾਈ ਪਾਬੰਦੀ

**ਅਸ਼ੀਰਵਾਦ ਲੈਣ ਲਈ ਸਾਨੂੰ ਆਪ ਗੁਰੂਘਰ ਜਾ ਕੇ ਗੁਰੂ ਦੇ ਸਨਮੁਖ ਹੋਣਾ ਚਾਹੀਦਾ ਹੈ, ਆਪਣੀ ਖੁਸ਼ੀ ਦਾ ਕਾਰਜ ਕਰਦੇ ਹੋਏ ਗੁਰੂ ਸਾਹਿਬ ਨੂੰ ਉਨ੍ਹਾਂ ਥਾਵਾਂ ਤੇ ਨਹੀਂ ਲੈ ਕੇ ਜਾਣਾ ਚਾਹੀਦਾ ਜਿੱਥੇ ਗੁਰੂ ਸਾਹਿਬ ਦਾ ਸਤਿਕਾਰ ਘੱਟਦਾ ਹੋਵੇ।ਉਨ੍ਹਾਂ ਜਥਿਆਂ ਦਾ ਵੀ ਨੋਟਿਸ ਲੈਣਾ ਚਾਹੀਦਾ ਹੈ ਜੋ ਬੀਚਾਂ,ਰਿਜੋਰਟਾਂ ਤੇ ਜਾ ਕੇ ਅਜਿਹੇ ਕਾਰਜ਼ ਨਿਭਾਉਂਦੇ ਹਨ ਅਤੇ ਪ੍ਰੀਵਾਰਾਂ ਤੋਂ ਮੂੰਹ ਮੰਗੀਆਂ ਭੇਟਾਵਾਂ ਲੈਂਦੇ ਹਨ।**



ਅੰਮ੍ਰਿਤਸਰ:ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਹੋਈ ਮੀਟਿੰਗ ਵਿੱਚ ਪੰਜ ਮਾਮਲਿਆਂ ‘ਤੇ ਅਹਿਮ ਫੈਸਲੇ ਲਏ ਗਏ ਹਨ। ਗਿਆਨੀ ਰਘਬੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਹ ਪਹਿਲੀ ਮੀਟਿੰਗ ਸੀ।ਸੰਗਤਾਂ ਵੱਲੋਂ ਪੁੱਜੀਆਂ ਸ਼ਿਕਾਇਤਾਂ ਅਨੁਸਾਰ ਕੁਝ ਵਿਅਕਤੀ ਮਰਯਾਦਾ ਦੀ ਉਲੰਘਣਾ ਕਰਦਿਆ ਸਮੁੰਦਰਾਂ ਦੇ ਕੰਢੇ ਬੀਚਾਂ/ਰਿਜ਼ੋਰਟਾਂ ‘ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਆਨੰਦ ਕਾਰਜ ਕਰਦੇ ਹਨ। ਜਿਸ ‘ਤੇ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਕਰਕੇ ਸਮੁੰਦਰਾਂ ਦੇ ਕੰਢੇ ਬੀਚਾਂ, ਰਿਜ਼ੋਰਟਾਂ ਆਦਿ ‘ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਆਨੰਦ ਕਾਰਜ (ਡੈਸਟੀਨੇਸ਼ਨ ਵੈਡਿੰਗ) ਕਰਨ ‘ਤੇ ਰੋਕ ਲਗਾਈ ਹੈ। ਗੁਰਦੁਆਰਾ ਕਲਗੀਧਰ ਸਾਹਿਬ, ਕੈਨਾਲ ਕਲੋਨੀ, ਮੁਲਤਾਨੀਆਂ ਰੋਡ, ਬਠਿੰਡਾ ਵਿਖੇ ਦੋ ਲੜਕੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਾਵਾਂ ਕਰਵਾ ਕੇ ਸਮਲਿੰਗੀ ਵਿਆਹ ਕਰਵਾਉਣ ਸਬੰਧੀ ਕੇਸ ਵਿਚ ਇਹ ਫੈਸਲਾ ਹੋਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਦਾ ਲਈ ਪ੍ਰਬੰਧ ਚਲਾਉਣ ਵਿਚ ਅਯੋਗ ਕਰਾਰ ਕੀਤਾ ਜਾਂਦਾ ਹੈ, ਇਹ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਨਹੀਂ ਆਉਣਗੇ। ਸੰਗਤਾਂ ਜਲਦ ਹੀ ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ ਅਤੇ ਮੁੱਖ ਗ੍ਰੰਥੀ ਹਰਦੇਵ ਸਿੰਘ, ਗ੍ਰੰਥੀ ਅਜੈਬ ਸਿੰਘ, ਰਾਗੀ ਸਿਕੰਦਰ ਸਿੰਘ, ਤਬਲਾ ਵਾਦਕ ਸਤਨਾਮ ਸਿੰਘ ਨੂੰ ਸਿੱਖ ਰਹਿਤ ਮਰਯਾਦਾ ਦੀ ਉਲੰਘਣਾ ਕਰਨ ਦੇ ਦੋਸ਼ ਵਜੋਂ ਪੰਜ ਸਾਲ ਇਹ ਕਿਸੇ ਵੀ ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ ਸਮਾਗਮਾਂ ‘ਚ ਡਿਊਟੀ ਨਹੀਂ ਕਰਨਗੇ।










# ਅਗਨੀਵੀਰ ਅੰਮ੍ਰਿਤਪਾਲ ਸਿੰਘ ਨਾਲ ਬੇ ਇਨਸਾਫੀ:ਫੌਜ ਮੌਤ ਨੂੰ ਖੁਦਕੁਸ਼ੀ ਦੱਸ ਰਹੀ ਹੈ
# ‘ਅਗਨੀਪਥ ਸਕੀਮ ਬੰਦ ਹੋਣੀ ਚਾਹੀਦੀ ਹੈ, ਇਹ ਨਾ ਦੇਸ਼ ਦੇ ਹਿੱਤ ਵਿੱਚ ਹੈ ਤੇ ਨਾ ਹੀ ਜਵਾਨਾਂ ਦੇ’



ਸ੍ਰੀ ਨਗਰ:- ਪੰਜਾਬ ਦੇ ਜ਼ਿਲ੍ਹਾ ਮਾਨਸਾ ਦੇ ਪਿੰਡ ਕੋਟਲੀ ਕਲਾਂ ਦੇ ਰਹਿਣ ਵਾਲੇ 19 ਸਾਲਾ ਅੰਮ੍ਰਿਤਪਾਲ ਸਿੰਘ ਦੀ ਲੰਘੀ 11 ਅਕਤੂਬਰ ਨੂੰ ਜੰਮੂ-ਕਸ਼ਮੀਰ ਵਿੱਚ ਡਿਊਟੀ ਦੌਰਾਨ ਮੌਤ ਹੋ ਗਈ ਸੀ। ਜਿੱਥੇ ਭਾਰਤੀ ਫੌਜ ਉਨ੍ਹਾਂ ਦੀ ਮੌਤ ਨੂੰ ਖੁਦਕੁਸ਼ੀ ਦੱਸ ਰਹੀ ਹੈ ਤਾਂ ਉੱਥੇ ਹੀ ਅੰਮ੍ਰਿਤਪਾਲ ਦਾ ਪਰਿਵਾਰ ਰੋਸ ਜਤਾ ਰਿਹਾ ਹੈ ਕਿ ਉਨ੍ਹਾਂ ਦੇ ਪੁੱਤ ਨੂੰ ਫੌਜੀ ਸਨਮਾਨ ਨਹੀਂ ਮਿਲਿਆ। ਅੰਮ੍ਰਿਤਪਾਲ ਸਿੰਘ ਕੇਂਦਰ ਸਰਕਾਰ ਦੀ ਅਗਨੀਪਥ ਸਕੀਮ ਦੇ ਤਹਿਤ ਭਾਰਤੀ ਫੌਜ ਵਿੱਚ 10 ਮਹੀਨੇ ਪਹਿਲਾਂ ਹੀ ਭਰਤੀ ਹੋਏ ਸਨ। ਜਿਸ ਮਗਰੋਂ ਪਰਿਵਾਰ ਨੇ ਇਲਜ਼ਾਮ ਲਗਾਇਆ ਕਿ ਨਾ ਤਾਂ ਉਨ੍ਹਾਂ ਨੂੰ ਭਾਰਤੀ ਫੌਜ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ ਅਤੇ ਨਾ ਹੀ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਫੌਜੀ ਸਨਮਾਨ ਅਨੁਸਾਰ ਉਨ੍ਹਾਂ ਦੇ ਪਿੰਡ ਭੇਜਿਆ ਗਿਆ। ਸਗੋਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਇੱਕ ਨਿੱਜੀ ਐਂਬੂਲੈਂਸ ਰਾਹੀਂ ਪੰਜਾਬ ਲਿਆਂਦਾ ਗਿਆ। ਜਿਸ ਨੂੰ ਲੈ ਕੇ ਪਰਿਵਾਰ ਵਿੱਚ ਕਾਫ਼ੀ ਰੋਸ ਸੀ। ਹਾਲਾਂਕਿ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਸੂਬਾ ਪਾਲਿਸੀ ਤਹਿਤ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ‘ਸ਼ਹੀਦ’ ਦਾ ਦਰਜਾ ਅਤੇ ਹੋਰਨਾਂ ‘ਸ਼ਹੀਦ’ ਫੌਜੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਇਸ ਨੂੰ ਇੱਕ ਮੰਦਭਾਗੀ ਘਟਨਾ ਦੱਸਿਆ ਹੈ ਤੇ ਇਸ ਬਾਰੇ ਜਾਂਚ ਦੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰ ਸਰਕਾਰ ਦੀ ਅਗਨੀਪਥ ਯੋਜਨਾ ਨੂੰ ਲੈ ਕੇ ਕਈ ਸਵਾਲ ਚੁੱਕੇ ਹਨ। ਉਹ ਕਹਿੰਦੇ ਹਨ, “ਮੈਂ ਇਹ ਦਰਦ ਸਮਝਦਾ ਹਾਂ, ਇਹ ਮਾੜਾ ਹੋਇਆ ਹੈ। ਪਰ ਇਹ ਸਕੀਮ ਦੇਸ਼ ਦੇ ਹਿੱਤ ਵਿੱਚ ਨਹੀਂ ਹੈ ਅਤੇ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਹੀ ਦੇਸ਼ ਦੀ ਸੁਰੱਖਿਆ ਲਈ ਬਿਹਤਰ ਹੋਵੇਗਾ।“ ”ਪਰ ਮੈਨੂੰ ਲੱਗਦਾ ਹੈ ਉਸ ਨੂੰ ਮਾਣ-ਸਨਮਾਨ ਦੇਣਾ ਚਾਹੀਦਾ ਸੀ। ਮੈਨੂੰ ਖ਼ੁਸ਼ੀ ਹੈ ਪਾਲਿਸੀ ਮੁਤਾਬਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਇੱਕ ਕਰੋੜ ਰੁਪਏ ਰਾਸ਼ੀ ਦਿੱਤੀ ਹੈ, ਜਿਸ ਦੀ ਮੈਂ ਸ਼ਲਾਘਾ ਕਰਦਾ ਹਾਂ।“ ਬ੍ਰਿਗੇਡੀਅਰ ਕਾਹਲੋਂ ਕਹਿੰਦੇ ਹਨ ਇਸ ਘਟਨਾ ਨੂੰ ਲੈ ਕੇ ਨੌਜਵਾਨ ਪੀੜੀ ਦਾ ਹੌਂਸਲਾ ਵੀ ਡਿੱਗੇਗਾ। ਪਰਿਵਾਰ ਆਪਣੇ ਬੱਚਿਆਂ ਨੂੰ ਭੇਜਣ ਲੱਗਿਆ ਅਤੇ ਨੌਜਵਾਨ ਖ਼ੁਦ ਵੀ ਜਾਣ ਲੱਗਿਆ ਕਈ ਵਾਰ ਸੋਚਣਗੇ। ਉਹ ਕਹਿੰਦੇ ਹਨ, “ਇਸ ਯੋਜਨਾ ਦਾ ਤੁਰੰਤ ਰੀਵਿਊ ਹੋਣਾ ਚਾਹੀਦਾ ਹੈ ਜਾਂ ਇਹ ਸਸਪੈਂਡ ਹੋਣੀ ਚਾਹੀਦੀ ਹੈ ਕਿਉਂਕਿ ਇਹ ਯੋਜਨਾ ਨਾ ਤਾਂ ਦੇਸ਼ ਦੇ ਹਿੱਤ ਵਿੱਚ ਹੈ ਅਤੇ ਨਾ ਹੀ ਜਵਾਨਾਂ ਦੇ ਹਿੱਤ ਵਿੱਚ।“ ਉਨ੍ਹਾਂ ਨੇ ਕਿਹਾ ਕਿ ਇਸ ਨਾਲ ਕਿਸੇ ਦਾ ਫਾਇਦਾ ਨਹੀਂ ਹੈ, ਫੌਜ ਦਾ ਵੀ ਨਹੀਂ। ਉਹ ਕਹਿੰਦੇ ਹਨ, “4 ਸਾਲਾਂ ਦੀ ਸਰਵਿਸ ਵਾਲੇ ਨਾਲ ਕੌਣ ਵਿਆਹ ਕਰਵਾਏਗਾ, ਫਿਰ ਸੁਰੱਖਿਆ ਦੇ ਕਈ ਮਸਲੇ ਵੀ ਹੋ ਸਕਦੇ ਹਨ।“

## ਕਿਸੇ ਵੀ ਸਰਕਾਰ ਜਾਂ ਰਾਜਨੀਤਕ ਪਾਰਟੀ ਤੋਂ ਕਦੇ ਫੰਡ ਨਹੀਂ ਲਿਆ:ਸਿੰਘਮ

ਨਵੀਂ ਦਿੱਲੀ-ਭਾਰਤ ਵਿੱਚ ਚੀਨੀ ਪ੍ਰਚਾਰ ਫੈਲਾਉਣ ਦੇ ਦੋਸ਼ਾਂ ਵਿੱਚ ਘਿਰੇ ਅਮਰੀਕੀ ਕਰੋੜਪਤੀ ਨੇਵਿਲ ਰਾਏ ਸਿੰਘਮ ਨੇ ਮੰਗਲਵਾਰ ਨੂੰ ਉਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਕਿ ਉਸ ਨੂੰ ਚੀਨ ਅਤੇ ਚੀਨ ਦੀ ਕਮਿਊਨਿਸਟ ਪਾਰਟੀ ਸਮੇਤ ਸਰਕਾਰ ਜਾਂ ਰਾਜਨੀਤਿਕ ਪਾਰਟੀ ਤੋਂ ਫੰਡ ਜਾਂ ਨਿਰਦੇਸ਼ ਪ੍ਰਾਪਤ ਹੋਏ ਸਨ।

## (ਮੁੱਖ ਪੰਨੇ ਦੀ ਬਾਕੀ)

ਜ਼ਰੂਰੀ ਸੰਚਾਰ ਦੀ ਉਮੀਦ ਕਰਦੇ ਹਾਂ। ਭਾਈ ਅਵਤਾਰ ਸਿੰਘ ਖੰਡਾ ਦੀ ਯੂ.ਕੇ. ਵਿੱਚ ਰਹੱਸਮਈ ਮੌਤ ਦੇ ਸਬੰਧ ਵਿੱਚ ਵਿਸ਼ੇਸ਼ ਪ੍ਰਕਿਰਿਆਵਾਂ ਨੂੰ ਸ਼ਿਕਾਇਤ ਸੌਂਪਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ । ਉਨ੍ਹਾਂ ਕਿਹਾ ਅਸੀਂ ਭਾਰਤ ਦੇ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਚਿੰਤਾਜਨਕ ਤਬਦੀਲੀ ਬਾਰੇ ਵੀ ਚਰਚਾ ਕੀਤੀ। ਭਾਰਤ ਸਰਕਾਰ ਦੀ ਹਿੰਦੂਤਵ ਵਿਚਾਰਧਾਰਾ ਦਾ ਵਿਸ਼ਵ ਪੱਧਰ ‘ਤੇ ਉਭਾਰ ਅਤੇ ਦੇਸ਼ ਭਰ ਵਿੱਚ ਧਾਰਮਿਕ ਘੱਟ ਗਿਣਤੀਆਂ, ਔਰਤਾਂ ਅਤੇ ਦਲਿਤਾਂ ਵਿਰੁੱਧ ਵੱਧਦੀ ਹਿੰਸਾ ਅਤੇ ਵਿਤਕਰੇ ਦੇ ਨਾਲ ਹਿੰਦੂ ਰਾਸ਼ਟਰ ਵੱਲ ਵਧਣਾ ਚਿੰਤਾਜਨਕ ਪੱਧਰ ‘ਤੇ ਪਹੁੰਚ ਗਿਆ ਹੈ। ਭਾਰਤ ਸਰਕਾਰ ਵੱਲੋਂ ਦੋਸ਼ੀਆਂ ਵਿਰੁੱਧ ਕਮਜ਼ੋਰ ਜਾਂ ਗੈਰ-ਮੌਜੂਦ ਪ੍ਰਤੀਕਿਰਿਆ ਨੇ ਵਿਆਪਕ ਦੰਡ ਅਤੇ ਸ਼ਾਸਨ ਦੀ ਮਿਲੀਭੁਗਤ ਰਾਹੀਂ ਡਰ ਦਾ ਮਾਹੌਲ ਪੈਦਾ ਕੀਤਾ ਹੈ। ਨਿਆਂਪਾਲਿਕਾ, ਮੀਡੀਆ ਅਤੇ ਪ੍ਰਗਤੀਸ਼ੀਲ ਸਿਵਲ ਸੋਸਾਇਟੀ ਐਸੋਸੀਏਸ਼ਨਾਂ ਵਰਗੀਆਂ ਪ੍ਰਮੁੱਖ ਸੰਸਥਾਵਾਂ ਦੀ ਸੁਤੰਤਰਤਾ ਨੂੰ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੁਝਾਅ ਦਿੰਦੇ ਹਾਂ ਕਿ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਵਿਗੜ ਰਹੀ ਸਥਿਤੀ ਨੂੰ ਤੁਰੰਤ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਇੱਕ ਵਿਸ਼ੇਸ਼ ਰਿਪੋਰਟਰ ਦੀ ਲੋੜ ਹੈ। ਕਿਉਂਕਿ ਭਾਰਤ ਦਾ ਸ਼ਾਸਨ ਬਾਹਰੋਂ ਹੋ ਰਹੀ ਆਲੋਚਨਾ ਜਾਂ ਦਬਾਅ ਨੂੰ ਖਾਰਜ ਕਰਦਾ ਹੈ, ਪਰ ਜਦੋਂ ਸੰਯੁਕਤ ਰਾਸ਼ਟਰ ਦੇ ਪ੍ਰਮੁੱਖ ਮੈਂਬਰਾਂ ਦੀ ਆਲੋਚਨਾ ਦੀ ਗੱਲ ਆਉਂਦੀ ਹੈ ਤਾਂ ਇਹ ਬਹੁਤ ਸੰਵੇਦਨਸ਼ੀਲ ਦਿਖਾਉਂਦਾ ਹੈ। ਭਾਰਤ ਦੇ ਵਿਸਤ੍ਰਿਤ ਲੋਕਤੰਤਰੀ ਘਾਟੇ ਦੇ ਇੱਕ ਸਮਰਪਿਤ ਵਿਸ਼ੇਸ਼ ਰਿਪੋਰਟਰ ਦੁਆਰਾ ਵੱਧ ਤੋਂ ਵੱਧ ਜਨਤਕ ਜਾਗਰੂਕਤਾ, ਸਰਕਾਰਾਂ ਨੂੰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਵਿਆਪਕ ਆਦਰਸ਼ਾਂ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰਨ ਲਈ ਉਤਸ਼ਾਹਿਤ ਕਰੇਗੀ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਪੂਣੇ ਇੰਸਟੀਚਿਊਟ ਨੇ ਕਸ਼ਮੀਰੀ ਪੱਤਰਕਾਰ ਦਾ ਪੁਰਸਕਾਰ ਕੀਤਾ ਰੱਦ

ਨਵੀਂ ਦਿੱਲੀ— ਹਿੰਦੂਤਵੀ ਸੰਗਠਨਾਂ ਦੇ ਦਬਾਅ ਕਾਰਨ ਪੁਣੇ ਸਥਿਤ ਇਕ ਸੰਸਥਾ ਨੇ ਕਸ਼ਮੀਰੀ ਪੱਤਰਕਾਰ ਸਫੀਨਾ ਨਬੀ ਨੂੰ ਦਿੱਤਾ ਜਾਣ ਵਾਲਾ ਪੁਰਸਕਾਰ ਰੱਦ ਕਰ ਦਿੱਤਾ।



ਸਫੀਨਾ ਨਬੀ ਨੂੰ ਮਹਾਰਾਸ਼ਟਰ ਇੰਸਟੀਚਿਊਟ ਆਫ਼ ਟੈਕਨਾਲੋਜੀ-ਵਰਲਡ ਪੀਸ ਯੂਨੀਵਰਸਿਟੀ (ਐਮਆਈਟੀ-ਡਬਲਯੂਪੀਯੂ) ਦੁਆਰਾ ਚਲਾਏ ਜਾ ਰਹੇ ਪੱਤਰਕਾਰੀ ਸਕੂਲ ਦੁਆਰਾ ਸਥਾਪਤ ਮੀਡੀਆ ਪੁਰਸਕਾਰ ਲਈ ਚੁਣਿਆ ਗਿਆ ਸੀ।

ਉਸ ਨੂੰ ਝਟਕਾ ਲੱਗਾ ਕਿਉਂਕਿ ਉਸ ਦਾ ਪੁਰਸਕਾਰ ਸਮਾਰੋਹ ਤੋਂ ਇੱਕ ਦਿਨ ਪਹਿਲਾਂ ਰੱਦ ਕਰ ਦਿੱਤਾ ਗਿਆ।

ਨਿਊਜ਼ ਪੋਰਟਲ ਦਿ ਵਾਇਰ ਨੇ ਦੱਸਿਆ ਕਿ ਹਿੰਦੂਤਵ ਦੇ ਦਬਾਅ ਦੇ ਮੱਦੇਨਜ਼ਰ ਯੂਨੀਵਰਸਿਟੀ ਦੇ ਪ੍ਰਬੰਧਨ ਦੁਆਰਾ ਪੁਰਸਕਾਰ ਰੱਦ ਕਰ ਦਿੱਤਾ ਗਿਆ ਹੈ।ਸਫੀਨਾ ਦੀ ਰਿਪੋਰਟ, 'ਕਸ਼ਮੀਰ ਦੀਆਂ ਅੱਧੀਆਂ ਵਿਧਵਾਵਾਂ', ਨੂੰ 'ਸਮਾਜ ਵਿੱਚ ਹਮਦਰਦੀ, ਸਮਝ ਅਤੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਵਾਲੀ ਪੱਤਰਕਾਰੀ' ਦੀ ਸ਼੍ਰੇਣੀ ਵਿੱਚ ਜੇਤੂ ਚੁਣਿਆ ਗਿਆ ਸੀ।

ਇਸ ਨੇ ਕਸ਼ਮੀਰ ਦੀਆਂ 'ਅੱਧੀਆਂ ਵਿਧਵਾਵਾਂ' ਦੀ ਲੰਬੇ ਸਮੇਂ ਤੋਂ ਚੱਲ ਰਹੀ ਦੁਰਦਸ਼ਾ ਨੂੰ ਉਜਾਗਰ ਕੀਤਾ - ਇਹ ਸ਼ਬਦ ਕਸ਼ਮੀਰੀ ਔਰਤਾਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਦੇ ਪਤੀਆਂ ਨੂੰ ਭਾਰਤੀ ਫੌਜਾਂ ਅਤੇ ਪੁਲਿਸ ਦੁਆਰਾ ਹਿਰਾਸਤ ਵਿੱਚ ਲਾਪਤਾ ਕੀਤਾ ਗਿਆ ਹੈ।

## ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਲਈ ਵੀਜ਼ਾ ਸੇਵਾਵਾਂ ਬਹਾਲ ਕਰਨ ਲਈ ਵਿਕਰਮਜੀਤ ਨੇ ਵਿਦੇਸ਼ ਮੰਤਰਾਲੇ ਨੂੰ ਕੀਤੀ ਅਪੀਲ



ਨਵੀਂ ਦਿੱਲੀ: ਪੰਜਾਬ ਤੋਂ ਰਾਜ ਸਭਾ ਦੇ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ, ਜਿਨ੍ਹਾਂ ਕੋਲ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡ ਨਹੀਂ ਹਨ, ਲਈ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦੀ ਬੇਨਤੀ ਕੀਤੀ ਹੈ। ਸਾਹਨੀ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਪ੍ਰਵਾਸੀ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਵਲੋਂ ਅਪਣੇ ਮਾਤਾ-ਪਿਤਾ ਦੀ ਗੰਭੀਰ ਬੀਮਾਰੀ, ਪ੍ਰਵਾਰਕ ਵਿਆਹਾਂ ਅਤੇ ਹੋਰ ਪ੍ਰਵਾਰਕ ਜ਼ਰੂਰਤਾਂ ਲਈ ਭਾਰਤੀ ਵੀਜ਼ਾ ਪ੍ਰਾਪਤ ਕਰਨ ਤੋਂ ਅਸਮਰੱਥਾ ਬਾਰੇ ਹਰ ਰੋਜ਼ ਬਹੁਤ ਸਾਰੀਆਂ ਬੇਨਤੀਆਂ ਮਿਲ ਰਹੀਆਂ ਹਨ।ਪੰਜਾਬ ਦੇ ਹਰ ਦੂਜੇ ਘਰ ਕੈਨੇਡਾ ਵਿਚ ਪ੍ਰਵਾਰ ਦਾ ਕੋਈ ਨਾ ਕੋਈ ਮੈਂਬਰ ਰਹਿੰਦਾ ਹੈ। ਸਾਹਨੀ ਨੇ ਦਸਿਆ ਕਿ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਉਹ ਸਿਰਫ਼ ਮੌਤ ਦੇ ਮਾਮਲਿਆਂ ਲਈ ਹੀ ਐਮਰਜੈਂਸੀ ਵੀਜ਼ਾ 'ਤੇ ਵਿਚਾਰ ਕਰ ਸਕਦੇ ਹਨ। ਕਿਸੇ ਹੋਰ ਐਮਰਜੈਂਸੀ ਦੇ ਹੋਰ ਸਾਰੇ ਮਾਮਲਿਆਂ ਲਈ, ਉਹ ਵਿਦੇਸ਼ ਮੰਤਰਾਲੇ ਤੋਂ ਨੀਤੀਗਤ ਦਿਸ਼ਾ-ਨਿਰਦੇਸ਼ਾਂ ਦੀ ਉਡੀਕ ਕਰਦੇ।ਸਾਹਨੀ ਨੇ ਵਿਦੇਸ਼ ਮੰਤਰੀ ਨੂੰ ਅਪੀਲ ਕੀਤੀ ਕਿ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਵੀਜ਼ਾ ਨਾ ਜਾਰੀ ਕਰਨ ਨਾਲ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਸਾਹਨੀ ਨੇ ਉਮੀਦ ਪ੍ਰਗਟ ਕੀਤੀ ਕਿ ਚੰਗੀ ਸੂਝ-ਬੂਝ ਤੋਂ ਕੰਮ ਲੈਂਦਿਆਂ ਵਿਦੇਸ਼ ਵਿਭਾਗ ਕੈਨੇਡਾ ਵਿਚ ਅਪਣੇ ਹਾਈ ਕਮਿਸ਼ਨ ਅਤੇ ਕੌਂਸਲੇਟ ਨੂੰ ਵੀਜ਼ਾ ਜਾਰੀ ਕਰਨ ਲਈ ਨਿਰਦੇਸ਼ ਜਾਰੀ ਕਰੇਗਾ। ਉਨ੍ਹਾਂ ਨੇ ਸੁਝਾਅ ਦਿਤਾ ਕਿ ਭਾਰਤੀ ਮਿਸ਼ਨਾਂ ਵਿਚ ਸਟਾਫ ਦੀ ਕਮੀ ਦੇ ਮਾਮਲੇ ਵਿਚ, ਈ-ਵੀਜ਼ਾ ਦੇਣ 'ਤੇ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਪਣੇ ਹੀ ਭੈਣਾਂ-ਭਰਾਵਾਂ ਨੂੰ ਉਨ੍ਹਾਂ ਦੀ ਕੋਈ ਗ਼ਲਤੀ ਬਗੈਰ ਸਜ਼ਾ ਨਹੀਂ ਦੇ ਸਕਦੇ।

## ਚੀਨ ਦੀ 'ਇਕ ਪੱਟੀ ਇਕ ਰੋਡ' ਫੋਰਮ ਵਿਚ ਸ਼ਾਮਲ ਨਹੀਂ ਹੋਵੇਗਾ ਭਾਰਤ

ਪੇਈਚਿੰਗ-ਭਾਰਤ ਨੇ ਚੀਨ ਦੇ 'ਇਕ ਪੱਟੀ ਤੇ ਇਕ ਰੋਡ' ਪਹਿਲਕਦਮੀ ਸਿਖਰ ਵਾਰਤਾ ਦੇ ਬਾਈਕਾਟ ਦਾ ਫੈਸਲਾ ਕੀਤਾ ਹੈ। ਭਾਰਤ ਲਗਾਤਾਰ ਤੀਜੀ ਵਾਰ ਸਿਖਰ ਸੰਮੇਲਨ 'ਚੋਂ ਗੈਰਹਾਜ਼ਰ ਰਹੇਗਾ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਭਾਰਤ ਗੈਰਹਾਜ਼ਰ ਰਹਿ ਕੇ ਇਸ ਵਿਵਾਦਿਤ ਸੀਪੈੱਕ (ਚੀਨ ਪਾਕਿਸਤਾਨ ਆਰਥਿਕ ਗਲਿਆਰਾ) ਨਾਲ ਪ੍ਰਭੂਸੱਤਾ ਨੂੰ ਲੈ ਕੇ ਜੁੜੇ ਆਪਣੇ ਸਟੈਂਡ 'ਤੇ ਰੌਸ਼ਨੀ ਪਾਏਗਾ।ਚੇਤੇ ਰਹੇ ਕਿ ਇਹ ਆਰਥਿਕ ਗਲਿਆਰਾ ਮਕਬੂਜ਼ਾ ਕਬਜ਼ੇ 'ਚੋਂ ਹੋ ਕੇ ਲੰਘਦਾ ਹੈ।ਜਿਸ ਕਰਕੇ ਭਾਰਤ ਦੇ ਪ੍ਰਭੂਸੱਤਾ ਨਾਲ ਸਬੰਧਿਤ ਫਿਕਰ ਜੁੜੇ ਹੋਏ ਹਨ। ਰੂਸ ਦੀ ਸਰਕਾਰੀ ਖ਼ਬਰ ਏਜੰਸੀ ਤਾਸ ਮੁਤਾਬਕ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਨਿ ਬੈਠਕ ਵਿਚ ਸ਼ਾਮਲ ਹੋਣਗੇ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

20 ਅਕਤੂਬਰ ਦਿਨ ਸ਼ੁੱਕਰਵਾਰ ਅਮਨਦੀਪ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 22 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ 12 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ।

*22 ਅਕਤੂਬਰ ਦਿਨ ਐਤਵਾਰ ਬਾਦ ਦੁਪਹਿਰ ਬੀਬੀ ਸਰਬਜੋਤ ਕੌਰ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

ਨੋਟ:ਰੋਜਾਨਾ ਸ਼ਾਮ 7-8 ਵਜੇ ਤੱਕ ਭਾਈ ਪਰਮਜੀਤ ਸਿੰਘ ਖਾਲਸਾ ਆਸਾ ਦੀ ਵਾਰ ਦੀ ਕਥਾ ਸਰਵਣ ਕਰਵਾਉਂਦੇ ਹਨ।



ਰਾਗੀ ਜੱਥੇ
ਭਾਈ ਅਵਤਾਰ ਸਿੰਘ ਜੀ ਦਾ ਜਥਾ

ਕਥਾਵਾਚਕ
ਭਾਈ ਪ੍ਰਮਜੀਤ ਸਿੰਘ ਫਗਵਾੜੇ ਵਾਲੇ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

## ਭਾਰਤ ਮਹਾਨ:ਕਈ ਕਤਲਾਂ ਦੇ ਦੋਸ਼ੀ ਹੋਏ ਬਰੀ

# ਨਿਠਾਰੀ ਮਾਮਲੇ 'ਚ ਸੁਰਿੰਦਰ ਕੋਲੀ ਤੇ ਮੋਨਿੰਦਰ ਸਿੰਘ ਪੰਧੇਰ ਬਰੀ

ਪ੍ਰਯਾਗਰਾਜ:ਕਰੀਬ 17 ਸਾਲ ਪਹਿਲਾਂ ਦੇਸ਼ ਅਤੇ ਦੁਨੀਆ ਨੂੰ ਹਿਲਾ ਕੇ ਰੱਖ ਦੇਣ ਵਾਲੇ ਬਹੁਚਰਚਿਤ ਨਿਠਾਰੀ ਕੇਸ ਦੇ ਮੁਲਜ਼ਮ ਸੁਰਿੰਦਰ ਕੋਲੀ ਅਤੇ ਮੋਨਿੰਦਰ ਸਿੰਘ ਪੰਧੇਰ ਨੂੰ ਵੱਡੀ ਰਾਹਤ ਮਿਲੀ ਹੈ। ਇਲਾਹਾਬਾਦ ਹਾਈ ਕੋਰਟ ਨੇ ਕੋਲੀ ਅਤੇ ਪੰਧੇਰ ਨੂੰ ਬਰੀ ਕਰ ਦਿੱਤਾ ਹੈ ਅਤੇ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਰੱਦ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੋਨਿੰਦਰ ਸਿੰਘ ਪੰਧੇਰ ਦੀ ਵਕੀਲ ਮਨੀਸ਼ਾ ਭੰਡਾਰੀ ਨੇ ਦੱਸਿਆ ਕਿ ਹਾਈਕੋਰਟ ਨੇ ਪੰਧੇਰ ਨੂੰ ਫਾਂਸੀ ਦੀ ਸਜ਼ਾ ਦੇ ਦੋਵਾਂ ਮਾਮਲਿਆਂ 'ਚੋਂ ਬਰੀ ਕਰ ਦਿੱਤਾ ਹੈ ।ਪੰਧੇਰ ਵਿਰੁੱਧ ਕੁੱਲ 6 ਕੇਸ ਦਰਜ ਸਨ। ਜਿਨ੍ਹਾਂ ਵਿੱਚੋਂ ਦੋ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿੱਚ ਦਾਇਰ ਸਾਰੀਆਂ ਅਪੀਲਾਂ ਵਿੱਚੋਂ ਸੁਰਿੰਦਰ ਕੋਲੀ ਨੂੰ ਵੀ ਬਰੀ ਕਰ ਦਿੱਤਾ ਗਿਆ ਹੈ।

ਮੋਨਿੰਦਰ ਸਿੰਘ ਪੰਧੇਰ ਦੇ ਵਕੀਲ ਅਨੁਸਾਰ ਹੇਠਲੀ ਅਦਾਲਤ ਨੇ ਸੁਰਿੰਦਰ ਕੋਲੀ ਨੂੰ 14 ਕੇਸਾਂ ਵਿੱਚ ਅਤੇ ਮੋਨਿੰਦਰ ਸਿੰਘ ਪੰਧੇਰ ਨੂੰ ਦੋ ਕੇਸਾਂ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਸੀ। ਦੋਹਾਂ ਦੋਸ਼ੀਆਂ ਨੇ ਫਾਂਸੀ ਦੀ ਸਜ਼ਾ ਦੇਣ ਦੇ ਫੈਸਲੇ ਨੂੰ ਇਲਾਹਾਬਾਦ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਉਸ ਨੇ ਅਦਾਲਤ ਵਿੱਚ ਕਿਹਾ ਸੀ ਕਿ ਇਨ੍ਹਾਂ ਘਟਨਾਵਾਂ ਦਾ ਕੋਈ ਚਸ਼ਮਦੀਦ ਗਵਾਹ ਨਹੀਂ ਹੈ।

ਉਸ ਨੂੰ ਵਿਗਿਆਨਕ ਅਤੇ ਹਾਲਾਤੀ ਸਬੂਤਾਂ ਦੇ ਆਧਾਰ 'ਤੇ ਹੀ ਮੌਤ ਦੀ ਸਜ਼ਾ ਸੁਣਾਈ ਗਈ ਹੈ। ਦੋਵਾਂ ਪਟੀਸ਼ਨਾਂ 'ਤੇ ਲੰਬੀ ਸੁਣਵਾਈ ਹੋਈ। ਆਖਰਕਾਰ



ਹਾਈਕੋਰਟ ਨੇ ਸੁਰਿੰਦਰ ਕੋਲੀ ਅਤੇ ਪੰਧੇਰ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰ ਦਿੱਤਾ। ਇਸ ਦੇ ਨਾਲ ਹੀ ਇਨ੍ਹਾਂ ਮਾਮਲਿਆਂ ਵਿੱਚ ਉਨ੍ਹਾਂ ਨੂੰ ਦਿੱਤੀ ਗਈ ਮੌਤ ਦੀ ਸਜ਼ਾ ਨੂੰ ਰੱਦ ਕਰ ਦਿੱਤਾ ਗਿਆ ਹੈ। ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਐਸਏ ਹੁਸੈਨ ਰਿਜ਼ਵੀ ਦੀ ਬੈਂਚ ਨੇ ਕੋਲੀ ਅਤੇ ਪੰਧੇਰ ਦੇ ਹੱਕ ਵਿੱਚ ਇਹ ਫੈਸਲਾ ਦਿੱਤਾ ਹੈ। ਇਸ ਫੈਸਲੇ ਦੀ ਵਿਸਤ੍ਰਿਤ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ ਹੈ।

ਸੀਨੀਅਰ ਵਕੀਲ ਮਨੀਸ਼ਾ ਭੰਡਾਰੀ ਨੇ ਦੱਸਿਆ ਕਿ ਪੰਧੇਰ ਵਿਰੁੱਧ ਕੁੱਲ ਛੇ ਕੇਸ ਸਨ, ਜਿਨ੍ਹਾਂ ਵਿੱਚੋਂ ਇੱਕ ਵਿੱਚ ਇਲਾਹਾਬਾਦ ਹਾਈ ਕੋਰਟ ਪਹਿਲਾਂ ਹੀ ਉਸ ਨੂੰ ਬਰੀ ਕਰ ਚੁੱਕੀ ਹੈ। ਬਾਕੀ ਤਿੰਨਾਂ ਵਿੱਚ ਉਸ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ। ਬਾਕੀ ਦੋ ਕੇਸਾਂ ਵਿੱਚ ਮੌਤ ਦੀ ਸਜ਼ਾ ਸੀ। ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ 'ਚੋਂ ਬਰੀ ਕਰ ਦਿੱਤਾ ਗਿਆ ਸੀ। ਹੁਣ ਉਨ੍ਹਾਂ ਵਿਰੁੱਧ ਕੋਈ ਸਜ਼ਾ ਬਾਕੀ ਨਹੀਂ ਹੈ। ਉਮੀਦ ਹੈ ਕਿ ਉਹ ਜਲਦੀ ਤੋਂ ਜਲਦੀ ਬਾਹਰ ਆ ਜਾਣਗੇ। ਵਕੀਲ ਨੇ ਕਿਹਾ ਕਿ ਇਸ ਮਾਮਲੇ ਦੀ ਪੂਰੀ ਜਾਂਚ ਪ੍ਰਕਿਰਿਆ ਸਵਾਲਾਂ ਦੇ ਘੇਰੇ ਵਿੱਚ ਹੈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application





Call : 778-869-1097
By Appointment Only
#202-12677-80AVE SURREY



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ






ਭੁਪਿੰਦਰ ਸਿੰਘ ਗਿੱਲ:604-897-5750



SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711



The Builder's Direct
Experienced & Honest
Bath & Kitchen Fixtures





Wholesale price to public
We carry all major brands
Fireplaces Also Available





Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਸਿੱਖ ਗੁਰੂਆਂ ਦਾ ਦਿੱਤਾ ਹਜ਼ਾਰਾਂ ਸਾਲਾਂ ਵਿਚ ਵੀ ਨਹੀਂ ਮੋੜ ਸਕਦੇ:ਅਮਿਤ ਸ਼ਾਹ
## ਸਿੱਖਾਂ ਤੇ ਹੋਏ ਜ਼ੁਲਮਾਂ ਨੂੰ ਭੁੱਲ ਕਮੇਟੀ ਵਾਲਿਆਂ ਨੇ ਗਾਏ ਦੇਸ਼ ਭਗਤ ਹੋਣ ਦੇ ਸੋਹਿਲੇ



ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ): ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਸਨਮਾਨ ਸਮਾਰੋਹ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਸਿੱਖ ਕੌਮ ਦੀ ਸ਼ਲਾਘਾ ਕਰਦਿਆ ਸ੍ਰੀ ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਵਾਸਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਦਿੱਤੇ ਯੋਗਦਾਨ ਦੀ ਦੇਣ ਦੇਸ਼ ਹਜ਼ਾਰਾਂ ਸਾਲਾਂ ਵਿਚ ਵੀ ਨਹੀਂ ਦੇ ਸਕਦਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਵੇਂ ਦੇਸ਼ ਦੀ ਆਜ਼ਾਦੀ ਦੀ ਲੜਾਈ ਹੋਵੇ ਜਾਂ ਮੁਗਲਾਂ ਖਿਲਾਫ ਲੜਾਈ ਜਾਂ ਅੰਗਰੇਜ਼ਾਂ ਖਿਲਾਫ ਲੜਾਈ ਦੇਸ਼ ਦੀ ਵੰਡ ਹੋਵੇ ਜਾਂ ਦੇਸ਼ ਵਾਸਤੇ ਸ਼ਹਾਦਤ ਦੇਣ ਦੀ ਗੱਲ ਸਿੱਖ ਕੌਮ ਹਮੇਸ਼ਾ ਨੰਬਰ ਇਕ ’ਤੇ ਰਹੀ ਹੈ। ਉਹਨਾਂ ਕਿਹਾ ਕਿ ਸਾਰੀ ਦੁਨੀਆਂ ਅੱਜ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ’ਤੇ ਚਲ ਰਹੀ ਹੈ ਜਿਹਨਾਂ ਨੇ ਉਸ ਵੇਲੇ ਲੋਕਾਂ ਨੂੰ ਰਾਹ ਵਿਖਾਇਆ ਜਦੋਂ ਸਾਰੇ ਧਰਮ ਆਪਸ ਵਿਚ ਲੜ ਰਹੇ ਸਨ। ਉਹਨਾਂ ਨੇ ਸਿੱਖ ਕੌਮ ਵੱਲੋਂ ਧਰਮ ਤੇ ਕਰਮ ਦੋਵਾਂ ਵਾਸਤੇ ਬਰਾਬਰ ਕੰਮ ਕਰਨ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਇਸ ਪੰਥ ਨੇ ਦੇਸ਼, ਸਮਾਜ ਅਤੇ ਮਨੁੱਖਤਾ ਵਾਸਤੇ ਬਹੁਤ ਕੁਝ ਕੀਤਾ। ਉਹਨਾਂ ਕਿਹਾ ਕਿ ਦੇਸ਼ ਵਾਸਤੇ ਸਿੱਖ ਗੁਰੂਆਂ ਨੇ ਜੋ ਯੋਗਦਾਨ ਪਾਇਆ, ਉਹ ਹਜ਼ਾਰਾਂ ਸਾਲਾਂ ਵਿਚ ਵੀ ਉਸਦਾ ਦੇਣ ਨਹੀਂ ਦਿੱਤਾ ਜਾ ਸਕਦਾ। ਸਮਾਗਮ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਤ ਸਮਾਜ ਦੇ ਜੱਥਿਆਂ ਨੇ ਸ੍ਰੀ ਸ਼ਾਹ ਨੂੰ ਸ੍ਰੀ ਸਾਹਿਬ ਅਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਸ੍ਰੀ ਸਿਰਸਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਨੇ ਇਕੱਠ ਨੂੰ ਦੱਸਿਆ ਕਿ ਸ੍ਰੀ ਸਿਰਸਾ ਸਿੱਖ ਕੌਮ ਦੇ ਸਭ ਤੋਂ ਚੰਗੇ ਵਕੀਲ ਹਨ ਜੋ ਆਉਂਦੇ ਸਮੇਂ ਵਿਚ ਸਿੱਖਾਂ ਦੀ ਆਵਾਜ਼ ਬਣਨ ਵਾਲੇ ਹਨ। ਉਹਨਾਂ ਨੇ ਇਸ ਮੌਕੇ ਆਪ ਸ੍ਰੀ ਸਿਰਸਾ ਦਾ ਸਨਮਾਨ ਕੀਤਾ। ਇਸ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕਿਵੇਂ ਮੋਦੀ ਸਰਕਾਰ ਤੇ ਸ੍ਰੀ ਸ਼ਾਹ ਨੇ ਸਿੱਖ ਭਾਈਚਾਰੇ ਦੀ ਬੇਹਤਰੀ ਵਾਸਤੇ ਕੰਮ ਕੀਤਾ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਪੰਜ ਪ੍ਰਮੁੱਖ ਸਿੱਖਾਂ ਨੂੰ ਕੇਂਦਰੀ ਯੂਨੀਵਰਸਿਟੀਆਂ ਦੇ ਚਾਂਸਲਰ ਤੇ ਵਾਈਸ ਚਾਂਸਲਰ ਨਿਯੁਕਤ ਕੀਤਾ ਤੇ ਨਾਲ ਹੀ ਨੈਸ਼ਨਲ ਵੋਕੇਸ਼ਨਲ ਟਰੇਨਿੰਗ ਸੰਸਥਾ ਦਾ ਮੁਖੀ ਨਿਯੁਕਤ ਕੀਤਾ। ਉਹਨਾਂ ਕਿਹਾ ਕਿ ਸਿੱਖ ਕੌਮ ਉਹਨਾਂ ਲਈ ਕੀਤੇ ਕਾਰਜਾਂ ਵਾਸਤੇ ਹਮੇਸ਼ਾ ਮੋਦੀ ਸਰਕਾਰ ਦੀ ਧੰਨਵਾਦੀ ਰਹੇਗੀ। ਉਹਨੇ ਇਹ ਵੀ ਦੱਸਿਆ ਕਿ ਕਿਵੇਂ ਮੋਦੀ ਸਰਕਾਰ ਨੇ ਕਾਲਜ ਪ੍ਰੋਫੈਸਰਾਂ ਨੂੰ ਟਰੇਨਿੰਗ ਦੇਣ ਦਾ ਫੈਸਲਾ ਕੀਤਾ ਤੇ ਇਸ ਵਾਸਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਚੋਣ ਕੀਤੀ ਜਿਸ ਵਿਚ ਗੁਰੂ ਅੰਗਦ ਦੇਵ ਜੀ ਟੀਚਰ ਟਰੇਨਿੰਗ ਇੰਸਟੀਚਿਊਟ ਖੋਲ੍ਹਿਆ ਗਿਆ ਜਿਸ ਵਿਚ ਹੁਣ ਤੱਕ 80 ਹਜ਼ਾਰ ਤੋਂ ਜ਼ਿਆਦਾ ਅਧਿਆਪਕ ਸਿੱਖਲਾਈ ਲੈ ਚੁੱਕੇ ਹਨ। ਉਹਨਾਂ ਇਹ ਵੀ ਦੱਸਿਆ ਕਿ ਮੋਦੀ ਸਰਕਾਰ ਨੇ ਫਾਈਬਰ ਦੇ ਖੋਜੀ ਸਰਦਾਰ ਨਰਿੰਦਰ ਸਿੰਘ ਕੰਪਨੀ ਨੂੰ ਮਰਨ ਉਪਰੰਤ ਵੀ ਪਦਮ ਵਿਭੂਸ਼ਣ ਨਾਲ ਸਨਮਾਨਤ ਕੀਤਾ ਤੇ ਉਹਨਾਂ ਤੋਂ ਇਲਾਵਾ ਸਰਦਾਰ ਜਤਿੰਦਰ ਸਿੰਘ ਸ਼ੰਟੀ, ਡਾ. ਰਤਨ ਸਿੰਘ ਜੱਗੀ, ਸਰਦਾਰ ਹਰਮਿੰਦਰ ਸਿੰਘ ਬੇਦੀ, ਕ੍ਰਿਕਟਰ ਗੁਰਸ਼ਰਨ ਸਿੰਘ ਬੇਦੀ ਤੇ ਹੋਰਨਾਂ ਦਾ ਸਨਮਾਨ ਕੀਤਾ।

# ਪਾਕਿਸਤਾਨ ਦੇ ਖਿਡਾਰੀਆਂ ਦੇ ਸਾਹਮਣੇ ਜੈ ਸ਼੍ਰੀ ਰਾਮ ਦਾ ਜਾਪ ਕਰਨਾ ਠੀਕ ਨਹੀਂ ਸੀ:ਡੀ.ਐਮ.ਕੇ. ਨੇਤਾ

ਚੇਨਈ: ਤਾਮਿਲਨਾਡ ਦੇ ਖੇਡ ਮੰਤਰੀ ਦ੍ਰੋਵਿਆ ਮੁਖੀ ਕਾਜਨੈਟਰਾ ਕਾਜ਼ੂਕਾਮ (ਡੀ ਐਮ ਕੇ) ਨੇ ਕਿਹਾ ਕਿ ਕ੍ਰਿਕਟ ਮੈਚ ਦੌਰਾਨ ਪਾਕਿਸਤਾਨੀ ਖਿਡਾਰੀਆਂ ਸਾਹਮਣੇ ਭਾਰਤ-ਪਾਕਿਸਤਾਨ ਦੇ ਵਿਸ਼ਵ ਕੱਪ ਦੇ ਮੈਚ ਦੌਰਾਨ ‘ਜੈ ਸ਼੍ਰੀ ਰਾਮ’ ਦੇ ਨਾਅਰੇ ਲਾਉਣਾ ਠੀਕ ਨਹੀਂ। ਇਹ ਇਕ ਨੀਵਾਂ ਪੱਧਰ ਹੈ। ਨਫ਼ਰਤ ਫੈਲਾਉਣ ਲਈ ਖੇਡ ਮੈਦਾਨਾਂ ਨੂੰ ਟੂਲ ਦੇ ਤੌਰ ਤੇ ਇਸਤੇਮਾਲ ਕਰਨਾ ਅਸਵੀਕਾਰਨਯੋਗ ਹੈ।


ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads
Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਅਨੰਦਪੁਰ ਸਾਹਿਬ ਦਾ ਮਤਾ ਕੀ ਸੀ?
# ਹਜ਼ਾਰਾਂ ਸਿੱਖਾਂ ਦੀਆਂ ਕੁਰਬਾਨੀਆਂ ਤੋਂ ਬਾਅਦ ਬਾਦਲਾਂ ਨੇ ਉਸਦਾ ਭੋਗ ਪਾ ਦਿੱਤਾ

*ਜਗਤਾਰ ਸਿੰਘ

ਅਜ਼ਾਦ ਭਾਰਤ ਵਿੱਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ 'ਅਨੰਦਪੁਰ ਸਾਹਿਬ ਦਾ ਮਤਾ' ਹੈ।ਕਾਂਗਰਸ ਪਾਰਟੀ ਨੇ ਜੂਨ 84 ਵਿੱਚ ਦਰਬਾਰ ਸਾਹਿਬ ਤੇ ਹਮਲਾ ਤੇ ਫੇਰ ਨਵੰਬਰ 1984 ਵਿੱਚ ਸਿੱਖਾਂ ਦਾ ਕਤਲੇਆਮ ਤੋਂ ਬਾਅਦ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ 404 ਸੀਟਾਂ ਦੇ ਭਾਰੀ ਬਹੁਮਤ ਨਾਲ ਜਿੱਤੀਆਂ।

ਕਾਂਗਰਸ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕਰਕੇ ਇਹ ਬਹੁਮਤ ਹਾਸਲ ਕੀਤਾ ਸੀ।ਭਾਰਤ ਵਿੱਚ ਸ਼ਾਇਦ ਹੋਰ ਕੋਈ ਲੋਕ ਸਭਾ ਚੋਣ ਕਿਸੇ ਖੇਤਰੀ ਪਾਰਟੀ ਦੇ 'ਪਾਲਿਸੀ ਪ੍ਰੋਗਰਾਮ' 'ਤੇ ਨਹੀਂ ਲੜੀ ਗਈ।ਅਨੰਦਪੁਰ ਸਾਹਿਬ ਦਾ ਮਤਾ ਸਾਲ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਇਆ ਪਾਲਿਸੀ ਪ੍ਰੋਗਰਾਮ ਸੀ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।

ਇਹ ਉਹ ਦੌਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀਆਂ ਮੀਟਿੰਗਾਂ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹੁੰਦੀਆਂ ਸਨ।ਪਾਰਟੀ ਦੀ ਵਰਕਿੰਗ ਕਮੇਟੀ ਨੇ 11 ਦਸੰਬਰ,1972 ਨੂੰ ਹੋਈ ਮੀਟਿੰਗ ਵਿੱਚ ਨਵੀਂ ਨੀਤੀ ਯਾਨੀ ਪਾਲਿਸੀ ਪ੍ਰੋਗਰਾਮ ਉਲੀਕਣ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਸੀ।ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਹ ਅਜਿਹਾ ਪਹਿਲਾ ਕਦਮ ਸੀ।ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ, ਭਾਵੇਂ ਇੱਕ ਵੇਲੇ ਸਿੱਖ ਰਾਜ ਸਤਲੁਜ ਦਰਿਆ ਤੋਂ ਖ਼ੈਬਰ ਦੱਰੇ ਅਤੇ ਤਿੱਬਤ ਤੱਕ ਫੈਲਿਆ ਹੋਇਆ ਸੀ।

ਅਨੰਦਪੁਰ ਸਾਹਿਬ ਮਤਾ ਅਜ਼ਾਦੀ ਤੋਂ ਬਾਅਦ ਇੱਕ ਅਜਿਹਾ ਖੇਤਰੀ ਮੁੱਦਾ ਸੀ ਜਿਸ ਨੇ ਕੌਮੀ ਸਿਆਸਤ ਦਾ ਰੁਖ ਤੈਅ ਕੀਤਾ।ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਦੀ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ 'ਤੇ ਬਲਕਿ ਪੰਜਾਬ ਪੱਧਰ 'ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।ਇਤਿਹਾਸ ਵਿੱਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ।ਅੰਮ੍ਰਿਤਸਰ ਵਿੱਚ 23 ਦਸੰਬਰ,1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ।




ਸ਼੍ਰੋਮਣੀ ਅਕਾਲੀ ਦਲ ਦੁਆਰਾ ਗਠਿਤ ਸਬ-ਕਮੇਟੀ ਦੇ ਮੁਖੀ ਪਾਰਟੀ ਦੇ ਜਨਰਲ ਸਕੱਤਰ ਤੇ ਪੇਸ਼ੇ ਵਜੋਂ ਵਕੀਲ ਸੁਰਜੀਤ ਸਿੰਘ ਬਰਨਾਲਾ ਸੀ।

ਮੈਂਬਰਾਂ ਵਿੱਚ ਗੁਰਚਰਨ ਸਿੰਘ ਟੌਹੜਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਤੋਂ ਵੱਧ ਸਮਾਂ ਪ੍ਰਧਾਨ ਰਹੇ), ਜੀਵਨ ਸਿੰਘ ਉਮਰਾਨੰਗਲ, ਸਾਬਕਾ ਮੰਤਰੀ ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਭਾਗ ਸਿੰਘ, ਰਿਟਾਇਰਡ ਮੇਜਰ ਜਨਰਲ ਗੁਰਬਖਸ਼ ਸਿੰਘ ਬੱਧਨੀ ਅਤੇ ਅਮਰ ਸਿੰਘ ਅੰਬਾਲਵੀ ਸ਼ਾਮਿਲ ਸਨ।

ਅੰਮ੍ਰਿਤਸਰ ਵਿੱਚ 23 ਦਸੰਬਰ,1972 ਨੂੰ ਹੋਈ ਅਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ। ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਗੱਲ-ਬਾਤ ਤੋਂ ਬਾਅਦ ਨਵਾਂ ਨੀਤੀ ਪ੍ਰੋਗਰਾਮ ਤਿਆਰ ਕੀਤਾ ਗਿਆ।

ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਮੀਟਿੰਗ ਵਿੱਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ 'ਅਨੰਦਪੁਰ ਸਾਹਿਬ' ਦਾ ਮਤਾ ਕਿਹਾ ਜਾਣ ਲੱਗਾ।

28 ਅਗਸਤ 1977 ਨੂੰ ਅੰਮ੍ਰਿਤਸਰ ਵਿੱਚ ਹੋਈ ਪਾਰਟੀ ਦੇ ਜਨਰਲ ਹਾਊਸ ਦੀ ਮੀਟਿੰਗ ਵਿਚ ਚਰਚਾ ਤੋਂ ਬਿਨ੍ਹਾਂ ਅਪਣਾਏ ਜਾਣ ਤੱਕ ਇਹ ਨੀਤੀ ਪ੍ਰੋਗਰਾਮ ਠੰਡੇ ਬਸਤੇ ਵਿੱਚ ਪਿਆ ਰਿਹਾ।

ਇੱਥੋਂ ਤੱਕ ਕਿ ਜਨਰਲ ਹਾਊਸ ਵੱਲੋਂ ਅਪਣਾਏ ਜਾਣ ਦੇ ਬਾਵਜੂਦ ਇਸ ਨਾਲ ਹਿਲ-ਜੁਲ ਨਹੀਂ ਹੋਈ, ਜਿਸ ਤਰ੍ਹਾਂ ਬਾਅਦ ਦੇ ਸਾਲਾਂ ਵਿਚ ਹੋਈ। ਅਕਾਲੀ ਦਲ ਜੂਨ 1977 ਵਿੱਚ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿੱਚ ਆਇਆ ਸੀ।

ਸਿੱਖ ਵਿਰੋਧੀ ਪਾਰਟੀਆਂ ਨੇ ਪੰਜ ਸਾਲ ਬਾਅਦ ਅਨੰਦਪੁਰ ਸਾਹਿਬ ਦੇ ਮਤੇ ਦੇ 'ਰਾਜਸੀ ਨਿਸ਼ਾਨੇ' ਯਾਨੀ ਸਿਆਸੀ ਮੰਤਵ ਨੂੰ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਦੱਸ ਕੇ ਉਦੋਂ ਬਿਰਤਾਂਤ ਸਿਰਜਿਆ ਗਿਆ।

ਜਦੋਂ ਅਕਾਲੀ ਦਲ ਨੇ 4 ਅਗਸਤ,1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਦੀਆਂ ਮੰਗਾਂ ਵਿੱਚ ਇਸ ਨੂੰ ਸ਼ਾਮਲ ਕੀਤਾ। ਉਦੋਂ ਤੱਕ ਪੰਜਾਬ ਦੇ ਸਿਆਸੀ ਪਿੜ ਵਿੱਚ ਖਾੜਕੂਵਾਦ ਨੇ ਪੈਰ ਧਰ ਲਏ ਸਨ।

ਅਨੰਦਪੁਰ ਸਾਹਿਬ ਦੇ ਮਤੇ ਵਿਚ ਅਕਾਲੀ ਨੇ ਜੋ ਉਦੇਸ ਮਿੱਥਿਆ ਸੀ ਉਸਦਾ ਵੇਰਵਾ ਇਸ ਤਰ੍ਹਾਂ ਹੈ-

ਮਤੇ ਵਿੱਚ ਲਿਖਿਆ ਗਿਆ ਹੈ, "ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ 'ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ 'ਮਨ-ਮੰਦਰ' ਵਿੱਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਬੋਲ-ਬਾਲੇ' ਹੈ।"

ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, "ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼ੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਸੀ ਜਿਸ ਨੂੰ ਵੱਖਵਾਦੀ ਕਹਿੰਦਿਆਂ ਨਿਸ਼ਾਨਾਂ ਬਣਾਇਆ ਗਿਆ, ਹਾਲਾਂਕਿ ਇਸ ਵਿੱਚ ਫੈਡਰਲਿਜ਼ਮ ਦੀ ਗੱਲ ਕੀਤੀ ਗਈ ਸੀ, ਪਰ ਸਿੱਖਾਂ 'ਤੇ ਖਾਸ ਜ਼ੋਰ ਦਿੱਤਾ ਗਿਆ ਸੀ।

ਇਹ ਮਤਾ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿੱਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ।

ਮਤੇ ਅਨੁਸਾਰ, "ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣ ਬੁਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿੱਚੋਂ ਡਲਹੌਜ਼ੀ, ਅੰਬਾਲਾ ਜ਼ਿਲੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਇਲਾਕਾ...,"

"ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਦੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ..."

"ਇਹਨਾਂ ਦੇ ਨਾਲ ਲਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿੱਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।"

ਹਾਲਾਂਕਿ ਇਸ ਮਤੇ ਵਿੱਚ ਪ੍ਰਭਾਸ਼ਿਤ ਫੈਡਰਲਿਜ਼ਮ ਦੇ ਮਾਪਦੰਡ, ਸੂਬਿਆਂ ਦੀ ਖ਼ੁਦਮੁਖਤਿਆਰੀ ਦੇ ਸੰਦਰਭ ਵਿੱਚ ਅਹਿਮ ਹਨ।

ਇਹ ਮਤਾ ਕੇਂਦਰ ਅਤੇ ਸੂਬਿਆਂ ਦੇ ਅਧਿਕਾਰ ਖੇਤਰ ਅੰਦਰ ਖੇਤਰਾਂ ਦੀਆਂ ਹੱਦਾਂ ਪ੍ਰਭਾਸ਼ਿਤ ਕਰਦਾ ਹੈ।"ਇਸ ਨਵੇਂ ਪੰਜਾਬ ਤੇ ਦੇਸ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ, ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।"

"ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ਵਿਚ ਆਪਣੇ ਨੁਮਾਇੰਦਿਆ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕੀਤਾ ਕਰੇ।"

"ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵੱਸੋਂ ਅਤੇ ਹੋਰ ਧਾਰਮਿਕ ਘਟ-ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਰ(ਸੁਰਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।"

"ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿੱਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।"

ਇਸ ਤਰ੍ਹਾਂ ਇਹ ਮਤਾ 'ਖਾਲਸਾ ਜੀ ਦੇ ਬੋਲ-ਬਾਲੇ' ਦੇ ਸੰਦਰਭ ਵਿਚ ਸਿਰਫ਼ ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੂਬੇ ਦੀ ਖੁਦਮੁਖਤਿਆਰੀ ਦੀ ਗੱਲ ਕਰਦਾ ਹੈ, ਜੋ ਕਿ ਮਦਰਾਸ (ਅੱਜ ਕੱਲ੍ਹ ਤਾਮਿਲ ਨਾਡੂ) ਸੂਬੇ ਦੀ ਵੀ ਮੰਗ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ, ਆਰਥਿਕ ਨੀਤੀ ਸਬੰਧੀ ਇਸ ਮਤੇ ਦੇ ਹਿੱਸੇ ਸਮਕਾਲੀ ਵੇਲਿਆਂ ਦੇ ਸੰਦਰਭ ਵਿੱਚ ਅਗਾਂਹਵਧੂ ਸੀ, ਸ਼੍ਰੋਮਣੀ ਅਕਾਲੀ ਦਲ ਦੇ ਸਮਾਜਿਕ ਭਲਾਈ ਸਟੇਟ ਵਜੋਂ ਦਾਰਸ਼ਿਨਕਤਾ 'ਤੇ ਚਾਨਣ ਪਾਉਂਦੇ ਸੀ।ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਅਮੀਰ ਅਤੇ ਗਰੀਬ ਵਿਚਾਲੇ ਦਾ ਵਧ ਰਿਹਾ ਅੰਤਰ ਘਟਾਇਆ ਜਾਵੇ। ਹਾਲਾਂਕਿ, ਪਾਰਟੀ ਦੀ ਇਹ ਰਾਏ ਹੈ ☞

PUNJABI LANGUAGE CELEBRATION

PUNJABI LANGUAGE EDUCATION ASSOCIATION'S (PLEA)
In partnership with DEEPAK BINNING FOUNDATION and KWANTLEN POLYTECHNIC UNIVERSITY (KPU)
Saturday, Oct. 28, 2023 Time: 1.00 PM to 4:30 pm
Kwantlen Polytechnic University, Spruce Building Atrium
12666 - 72nd Ave. Surrey, BC (72nd and 128 St.)
Reports: PLEA, KPU and Deepak Binning Foundation Representatives.

DISCUSSION ABOUT PROMOTING PUNJABI ENROLLMENT IN ELEMENTARY SCHOOLS

Panel: Garry Thind, Surrey School Board Trustee
Nimmy Daula, Delta School Board Trustee
Raj P. Puri, District Principal Settlement Services Surrey
Kiran Toor, Kids Play Foundation
Amandeep Chhina, Surrey School, Department Head of Modern Languages
Komalpreet Kaur Kooner, Surrey School Student
Prabhseeret Aulakh, University Student

Host: Gurpreet Kaur Bains, L A Matheson Secondary School, Department Head of Modern Languages

Punjabi students will share poetry, songs and stories
Program Host - Gurinder Mann and Harmohanjit Pandher

PLEA CORDIALLY INVITES EVERYONE
FREE PARKING, FREE ADMISSION AND REFRESHMENTS

For more information Please contact:
Balwant Sanghera - 604 - 836 - 8976
Gurinder Mann - 604 - 710 - 9106
Sadhu Binning - 778 - 773 - 1886
Paul Binning - 778 - 889 - 8255
ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀ)

FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

5 YEAR FIXED
5.29 %*
QUICK & EASY APPROVALS



# ਜ਼ਕਰੀਆ ਖ਼ਾਨ ਦੀ ਤਰ੍ਹਾਂ ਬਾਦਲ ਦਾ ਅੰਤ ਵੀ ਦੁਖਦਾਇਕ ਅਤੇ ਸ਼ਰਮਨਾਕ ਹੋਇਆ:ਹਰਜਿੰਦਰ ਸਿੰਘ ਮਾਝੀ

## ਬਾਦਲਾਂ ਵੱਲੋਂ ਸਿੱਖਾਂ ’ਤੇ ਕੀਤੇ ਜ਼ੁਲਮਾਂ ਦੀ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਨਾਲ ਕੀਤੀ ਤੁਲਨਾ

ਕੋਟਕਪੂਰਾ (ਗੁਰਿੰਦਰ ਸਿੰਘ):ਜ਼ਕਰੀਆ ਖ਼ਾਨ ਨੇ ਅਪਣੇ ਜੀਵਨ ਵਿਚ ਅਨੇਕਾਂ ਸਿੱਖਾਂ ਨੂੰ ਸ਼ਹੀਦ ਕੀਤਾ ਪਰ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਜ਼ਕਰੀਆ ਖ਼ਾਨ ਦੀ ਜ਼ਿੰਦਗੀ ਦਾ ਆਖ਼ਰੀ ਕਤਲ ਸੀ, ਸਿੱਖਾਂ ਦਾ ਕਾਤਲ ਜ਼ਕਰੀਆ ਆਖ਼ਰ ਭਾਈ ਤਾਰੂ ਸਿੰਘ ਜੀ ਦੀਆਂ ਜੁੱਤੀਆਂ ਖਾਂਦਾ ਹੋਇਆ ਇਸ ਧਰਤੀ ਤੋਂ ਤੁਰ ਗਿਆ।

ਇਸੇ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ 1970 ਵਿਚ ਪਹਿਲੀ ਵਾਰ ਮੁੱਖ ਮੰਤਰੀ ਬਣ ਕੇ ਪੰਜਾਬ ’ਚ ਝੂਠੇ ਪੁਲਿਸ ਮੁਕਾਬਲਿਆਂ ਦਾ ਮੁੱਢ ਬੰਨ੍ਹਦਿਆਂ ਜਸਟਿਸ ਤਾਰਕੁੰਡੇ ਦੀ ਰਿਪੋਰਟ ਅਨੁਸਾਰ 82 ਸਾਲਾ ਬਾਬਾ ਬੂਝਾ ਸਿੰਘ ਜੀ ਦਾ ਝੂਠਾ ਪੁਲਿਸ ਮੁਕਾਬਲਾ ਕਰਵਾਇਆ ਅਤੇ 5 ਵਾਰ ਦੇ ਅਪਣੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਸਿੱਖ ਕੌਮ ’ਤੇ ਅਨੇਕਾਂ ਜ਼ੁਲਮ ਢਾਹੇ ਪਰ ਬਾਦਲ ਦੇ ਰਾਜ ਦੌਰਾਨ ਆਖ਼ਰੀ ਕਤਲ ਭਾਈ ਕਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਬਿੱਟੂ ਦੋ ਸਿੱਖ ਨੌਜਵਾਨਾਂ ਦਾ ਸੀ।

ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਮੁੱਖ ਸੇਵਾਦਾਰ ‘ਦਰਬਾਰ-ਏ-ਖ਼ਾਲਸਾ’ ਨੇ ਬਹਿਬਲ ਕਲਾਂ ਅਤੇ ਸਰਾਵਾਂ ਵਿਖੇ ਹੋਏ ਸ਼ਹੀਦੀ ਸਮਾਗਮਾਂ ਦੌਰਾਨ ਇਹ ਵਿਚਾਰ ਪ੍ਰਗਟਾਉਂਦਿਆਂ ਕਿਹਾ ਹੈ ਕਿ ਬਹਿਬਲ ਕਲਾਂ ਵਿਖੇ ਹੋਈ ਦੋਹਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਕੌਮ ਤੋਂ ਜੁੱਤੀਆਂ ਖਾਂਦਾ ਹੋਇਆ ਪਹਿਲਾਂ ਰਾਜਨੀਤਕ ਮੌਤ ਮਰਿਆ ਫਿਰ ਉਸ ਨੂੰ ਸਰੀਰਕ ਮੌਤ ਆਈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਅਕਾਲ ਪੁਰਖ ਦੇ ਇਨਸਾਫ਼ ’ਤੇ ਪੂਰਾ ਭਰੋਸਾ ਹੈ ਅਤੇ ਦੁਨਿਆਵੀ ਸਰਕਾਰਾਂ ਤੇ ਅਦਾਲਤਾਂ ਨੂੰ ਚਾਹੀਦਾ ਹੈ ਕਿ ਜੇਕਰ ਉਹ ਚਾਹੁੰਦੀਆਂ ਹਨ ਕਿ ਜਨਤਾ ਦਾ ਉਨ੍ਹਾਂ ’ਤੇ ਬਚਿਆ ਖੁਚਿਆ ਥੋੜ੍ਹਾ-ਬਹੁਤਾ ਵਿਸ਼ਵਾਸ ਬਣਿਆ ਰਹੇ ਤਾਂ ਬਰਗਾੜੀ ਬੇਅਦਬੀ ਅਤੇ ਕੋਟਕਪੂਰਾ-ਬਹਿਬਲ ਕਲਾਂ ਗੋਲੀਕਾਂਡ ਦੇ ਮਾਸਟਰ ਮਾਈਂਡ ਤਕ ਪਹੁੰਚ ਕਰ ਕੇ ਬਣਦੀ ਕਾਰਵਾਈ ਕਰਨ।

ਭਾਈ ਮਾਝੀ ਨੇ ਕਿਹਾ ਕਿ ਦੁਨਿਆਵੀ ਸਰਕਾਰਾਂ ਅਤੇ ਅਦਾਲਤਾਂ ਤੋਂ 1984 ਅਤੇ ਬਰਗਾੜੀ ਕਾਂਡ ਦੇ ਮਸਲੇ ’ਤੇ ਸਿੱਖਾਂ ਨੂੰ ਇਨਸਾਫ਼ ਦੀ ਥਾਂ ਸਿਰਫ਼ ਜਾਂਚ ਕਮਿਸ਼ਨ ਅਤੇ ਇਨਸਾਫ਼ ਟੀਮਾਂ ਹੀ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੀ ਮੌਜੂਦਾ ਸਰਕਾਰ ਨੇ ਅਪਣੇ ਚੋਣ ਵਾਅਦੇ ਮੁਤਾਬਕ ਦੋਸ਼ੀਆਂ ’ਤੇ ਬਣਦੀ ਕਾਰਵਾਈ ਨਾ ਕੀਤੀ ਤਾਂ ਇਸ ਦਾ ਹਸ਼ਰ ਵੀ ਬਾਦਲ -ਕੈਪਟਨ ਵਾਲਾ ਹੀ ਹੋਵੇਗਾ।

ਗੁ. ਟਿੱਬੀ ਸਾਹਿਬ ਬਹਿਬਲ ਕਲਾਂ ਅਤੇ ਪਿੰਡ ਸਰਾਵਾਂ ਵਿਖੇ ਹੋਏ ਸ਼ਹੀਦੀ ਸਮਾਗਮਾਂ ਦੌਰਾਨ ਦਰਬਾਰ ਏ ਖ਼ਾਲਸਾ ਵਲੋਂ ਲਾਹਨਤ ਪੱਤਰ ਵੀ ਵੰਡਿਆ ਗਿਆ ਜਿਸ ’ਚ ਪ੍ਰਕਾਸ਼ ਸਿੰਘ ਬਾਦਲ ਦੇ ਸਰਪੰਚੀ ਤੋਂ ਸਿਆਸੀ ਸਫ਼ਰ ਸ਼ੁਰੂ ਕਰਨ ਤੋਂ ਲੈ ਕੇ ਬਰਗਾੜੀ ਕਾਂਡ ਤਕ ਦੇ ਕੌਮ ਅਤੇ ਪੰਜਾਬ ਵਿਰੋਧੀ ਕਾਰਨਾਮਿਆਂ ਦਾ ਤੱਥਾਂ ਸਮੇਤ ਜ਼ਿਕਰ ਕੀਤਾ ਗਿਆ ਹੈ।

ਭਾਈ ਮਾਝੀ ਨੇ ਹਾਜ਼ਰ ਸੰਗਤ ਨੂੰ ਇਸ ‘ਲਾਹਨਤ ਪੱਤਰ’ ਦੀਆਂ ਫ਼ੋਟੋ ਕਾਪੀਆਂ ਕਰ ਕੇ ਘਰ-ਘਰ ਵੰਡਣ ਲਈ ਬੇਨਤੀ ਵੀ ਕੀਤੀ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)


ਕਿ ਪਹਿਲੀ ਸੱਟ ਵਿੱਤੀ ਤਾਕਤ ਦੀ ਲਗਾਮ ਧੱਕੇ ਨਾਲ ਆਪਣੇ ਹੱਥਾਂ ਵਿੱਚ ਫੜੀ ਬੈਠੇ ਧਨਾਢਾਂ ‘ਤੇ ਹੋਵੇ।ਪੇਂਡੂ ਖੇਤਰਾਂ ਵਿੱਚ ਅਕਾਲੀ ਦਲ ਕਮਜ਼ੋਰ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਭੌਂ-ਰਹਿਤ ਲੋਕਾਂ, ਮਜ਼ਦੂਰਾਂ ਅਤੇ ਗਰੀਬ ਤੇ ਮੱਧ ਵਰਗੀ ਕਿਸਾਨਾਂ ਦੀ ਮਦਦ ਲਈ ਦ੍ਰਿੜ੍ਹ ਹੈ।ਇਸ ਮੰਤਵ ਲਈ, ਭੌਂ-ਸੁਧਾਰਾਂ ਦੀ ਵਕਾਲਤ ਕਰਦਾ ਹੈ, ਜਿਨ੍ਹਾਂ ਮੁਤਾਬਕ ਹੱਦਬੰਦੀ ਨੂੰ 30 ਏਕੜ ਪ੍ਰਤੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨਿਯਤ ਕੀਤਾ ਜਾਵੇ ਅਤੇ ਵਾਧੂ ਜ਼ਮੀਨ ਗਰੀਬ ਕਿਸਾਨਾਂ ਵਿੱਚ ਵੰਡੀ ਜਾਵੇ।

ਅਕਾਲੀ ਦਲ ਦਾ ਮੰਤਵ ਹਰ ਕਿਸੇ ਲਈ ਰੁਜ਼ਗਾਰ ਮੁਹੱਈਆ ਕਰਵਾਉਣਾ, ਸਭ ਲਈ ਭੋਜਨ ਤੇ ਕੱਪੜੇ ਅਤੇ ਰਹਿਣ ਨੂੰ ਘਰ, ਅਨੁਕੂਲ ਆਵਾਜਾਈ ਅਤੇ ਇਕ ਚੰਗੇ ਜੀਵਨ ਲਈ ਲੋੜਾਂ ਪੂਰੀਆਂ ਕਰਨ ਲਈ ਸਾਧਨ ਤਿਆਰ ਕਰਨੇ, ਜਿਨ੍ਹਾਂ ਬਿਨ੍ਹਾਂ ਜ਼ਿੰਦਗੀ ਅਧੂਰੀ ਹੈ।

ਇਹ ਮਤਾ ਪੂਰੇ ਰੁਜ਼ਗਾਰ ਅਤੇ ਬੇਰੁਜ਼ਗਾਰਾਂ ਦੇ ਹਰ ਵਰਗ ਲਈ ਭੱਤੇ, 65 ਸਾਲ ਤੋਂ ਵਧ ਉਮਰ ਵਾਲਿਆਂ ਦੀ ਬੁਢਾਪਾ ਪੈਨਸ਼ਨ, ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਖਾਸ ਧਿਆਨ ਨਾਲ ਦਸਵੀਂ ਜਮਾਤ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ਤੇ ਜ਼ੋਰ ਦਿੰਦਾ ਹੈ।

ਖਾੜਕੂ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮਤੇ ਨੂੰ ਆਪਣੇ ਏਜੰਡੇ ਵਜੋਂ ਇਹ ਕਹਿੰਦਿਆਂ ਅਪਣਾਇਆ ਸੀ ਕਿ ਇਹ ਮੰਗਾਂ ਉਨ੍ਹਾਂ ਦੀਆਂ ਨਹੀਂ, ਅਕਾਲੀ ਦਲ ਦੀਆਂ ਹਨ ਅਤੇ ਉਹ ਦੇਖਣਗੇ ਕਿ ਪਾਰਟੀ ਸਰਕਾਰ ਨਾਲ ਸਮਝੌਤਾ ਕਰਕੇ ਇਨ੍ਹਾਂ ਮੰਗਾਂ ਤੋਂ ਪਿੱਛੇ ਨਾ ਹਟ ਜਾਵੇ।

ਹਾਲਾਂਕਿ ਉਹ ਇਸ ਮਤੇ ਦੇ ਇੱਕ ਬਿੰਦੂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਕਹਿੰਦੇ ਸੀ ਅਤੇ ਪੁਲਿਸ ਦੇ ਲਾਈਸੈਂਸ ਬਾਰੇ ਪੁੱਛਣ ‘ਤੇ ਇਹ ਮਤਾ ਦਿਖਾਉਣ ਲਈ ਕਹਿੰਦੇ ਸੀ।

ਮਤੇ ਦਾ ਉਹ ਬਿੰਦੂ ਕਹਿੰਦਾ ਹੈ, “ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਕੀ ਜੁਰਮ ਵਿੱਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ।“ ”ਛੋਟੇ ਸ਼ਸਤਰ ਰਿਵਾਲਵਰ, ਬੰਦੂਕਾਂ, ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਆਦਿ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਈਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟ੍ਰੇਸ਼ਨ ਚਾਹੀਦੀ ਹੋਵੇ।“

ਇਹ ਮਤਾ ਲੋਕ ਸਭਾ ਚੋਣਾਂ ਦੇ ਤਿੰਨ ਮਹੀਨਿਆਂ ਅੰਦਰ ਰਾਜੀਵ-ਲੌਂਗੋਵਾਲ ਪੰਜਾਬ ਸਮਝੌਤੇ ਵਿੱਚ ਮੁੜ ਉੱਠਿਆ ਅਤੇ ਇਸ ਸਬੰਧੀ ਬਿੰਦੂ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਹੈ।ਇਹ ਕੇਂਦਰ ਤੇ ਸੂਬਿਆਂ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਭਵਾਸ਼ਿਤ ਕਰਦਾ ਹੈ ਤਾਂ ਜੋ ਇਕਸਾਰ ਭਾਰਤੀ ਸੰਵਿਧਾਨ ਮੁਤਾਬਕ ਤੈਅ ਸਹੀ ਫੈਡਰਲ ਢਾਂਚਾ ਲਿਆਂਦਾ ਜਾ ਸਕੇ।ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿੱਚ ਰੱਖਦਿਆਂ ਸੂਬਿਆਂ ਨੂੰ ਖੁਦਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿੱਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ।

ਅੱਗੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਅਤੇ ਸੂਬਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕਰਦਾ ਹੈ ਅਤੇ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਜਾਂਦਾ ਹੈ।ਇਸ ਸਮਝੌਤੇ ਉੱਤੇ ਦਸਤਖ਼ਤ ਤੋਂ ਬਾਅਦ ਇਹ ਮਤਾ ਅਕਾਲੀ ਸਿਆਸਤ ਦੇ ਪ੍ਰਸੰਗ ਵਿੱਚੋਂ ਹੌਲੀ-ਹੌਲੀ ਗਾਇਬ ਹੋ ਗਿਆ ਤੇ ‘ਅੰਮ੍ਰਿਤਸਰ ਐਲਾਨਨਾਮੇ’ ਨੇ ਇਸ ਦੀ ਥਾਂ ਲੈ ਲਈ ਪਰ ਅਨੰਦਪੁਰ ਸਾਹਿਬ ਦੇ ਮਤੇ ਤੋਂ ਵਧ ਕੇ ਹੋਣ ਦੇ ਬਾਵਜੂਦ ਉਸ ‘ਤੇ ਵੀ ਬਹੁਤਾ ਵਿਵਾਦ ਨਹੀਂ ਛਿੜਿਆ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ ’ਤੇ ਲੱਗੀ ਸੱਟ
- ਕੰਮ ਦੇ ਸਥਾਨ ’ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ ’ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ ’ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

# ਭਾਈ ਪਰਮਜੀਤ ਸਿੰਘ ਪੰਜਵੜ ਦਾ ਘਰ ਜੋ ਖੁਦ ਉਨ੍ਹਾਂ ਨੇ ਰੂਪੋਸ਼ ਹੋਣ ਤੋਂ ਪਹਿਲਾਂ ਆਪਣੇ ਹੱਥੀਂ ਤਿਆਰ ਕਰਵਾਇਆ



ਭਾਈ ਪਰਮਜੀਤ ਸਿੰਘ ਪੰਜਵੜ ਦਾ ਉਹ ਪੁਰਾਣਾ ਘਰ ਜੋ ਖੁਦ ਪਰਮਜੀਤ ਸਿੰਘ ਪੰਜਵੜ ਨੇ ਰੂਪੋਸ਼ ਹੋਣ ਤੋਂ ਪਹਿਲਾਂ ਆਪਣੇ ਹੱਥੀਂ ਤਿਆਰ ਕਰਵਾਇਆ ਸੀ। ਇਸ ਘਰ ਨੂੰ ਪੰਜਾਬ ਪੁਲਿਸ ਨੇ ਆਪਣੀ ਚੌਂਕੀ ਦੇ ਰੂਪ ਚ ਵਰਤਿਆ ਉਸਤੋਂ ਬਾਅਦ ਭਾਰਤੀ ਫੌਜ਼ ਦਾ ਇਸ ਘਰ ਉੱਤੇ ਕਬਜ਼ਾ ਰਿਹਾ।ਤਕਰੀਬਨ ਢਾਈ ਸਾਲ ਤੋਂ ਉੱਤੇ ਇਹ ਘਰ ਪੁਲਿਸ ਤੇ ਫੌਜ਼ ਦੀ ਚੌਂਕੀ ਬਣਿਆ ਰਿਹਾ। ਭਾਈ ਪਰਮਜੀਤ ਸਿੰਘ ਪੰਜਵੜ ਮੁੱਖੀ ਕੇ ਸੀ ਐਫ਼ ਦਾ ਸਾਰਾ ਪਰਿਵਾਰ ਰਾਤ ਨੂੰ ਪਹਿਆਂ ਤੇ ਕਮਾਦਾਂ ਚ ਲੁਕਦਾ ਰਿਹਾ ਕੋਈ ਵੀ ਉਹਨਾਂ ਨੂੰ ਸਾਂਭਣ ਲਈ ਤਿਆਰ ਨਹੀਂ ਹੋਇਆ ਬਹੁਤਾ ਸਮਾਂ। ਪਰਮਜੀਤ ਸਿੰਘ ਪੰਜਵੜ ਦੇ ਭਰਾਵਾਂ ਦੇ ਬੱਚੇ ਉਦੋਂ ਛੋਟੇ ਛੋਟੇ ਸਨ ਜਦੋਂ ਇਹ ਮੰਜ਼ਰ ਉਹਨਾਂ ਵੇਖਿਆ।ਪਰਮਜੀਤ ਸਿੰਘ ਪੰਜਵੜ ਦੀ ਸਤਿਕਾਰ ਯੋਗ ਮਾਤਾ ਜੀ ਨੂੰ ਸਾਲ ਦੇ ਕਰੀਬ ਵੱਖ ਵੱਖ ਥਾਣਿਆ ਚ ਰੱਖਕੇ ਅੰਨ੍ਹਾ ਤਸ਼ੱਦਦ ਕਰਕੇ ਸ਼ਹੀਦ ਕੀਤਾ ਗਿਆ।ਉਹਨਾਂ ਦੇ ਪਿਤਾ ਜੀ ਉੱਪਰ ਤੇ ਸਾਰੇ ਰਿਸ਼ਤੇਦਾਰਾਂ ਦੇ ਟਾਰਚਰ ਕੀਤਾ ਗਿਆ ਨਾਨਕੇ ਪਰਿਵਾਰ ਤੋਂ ਲੈਕੇ ਭਰਾਵਾਂ ਦੇ ਸੌਹਰੇ ਪਰਿਵਾਰਾਂ ਤੱਕ ਭੂਆ ਦੇ ਪਰਿਵਾਰਾਂ ਤੱਕ।ਪਸ਼ੂ ਖੜੇ ਘਰ ਚ ਛੱਡਣੇ ਪਏ ਪਰਿਵਾਰ ਨੂੰ ਤੇ ਫਸਲਾਂ ਖੜੀਆਂ ਬਰਬਾਦ ਹੋ ਗਈਆਂ।ਹਰ ਇੱਕ ਘਰ ਦੀ ਚੀਜ਼ ਘਰੋਂ ਗਾਇਬ ਮਿਲੀ ਜਦੋਂ ਢਾਈ ਸਾਲਾਂ ਤੋਂ ਬਾਅਦ ਪਰਿਵਾਰ ਘਰੇ ਪਰਤਿਆ ਇੱਕ ਡੱਬਾ ਤੱਕ ਘਰ ਵਿੱਚ ਨਹੀਂ ਸੀ ਰਿਹਾ ਜ਼ਮੀਨ ਬੰਜ਼ਰ ਬਣ ਚੁੱਕੀ ਸੀ।ਮੁੜ ਅੱਠ ਸਾਲ ਲੱਗੇ ਪਰਿਵਾਰ ਨੂੰ ਸੈੱਟ ਹੋਣ ਲੱਗਿਆਂ।ਬੇਸ਼ਕ ਪਰਮਜੀਤ ਸਿੰਘ ਪੰਜਵੜ ਦੇ ਭਰਾਵਾਂ ਭਤੀਜਿਆਂ ਨੇ ਸਿਰ ਤੋੜ ਮੇਹਨਤ ਕੀਤੀ ਮਕਾਨ ਨਵਾਂ ਬਣਾਇਆ ਪਰ ਉਸ ਨਵੇਂ ਮਕਾਨ ਦੇ ਪਿੱਛੇ ਆਹ ਮਕਾਨ ਪੁਰਾਣਾ ਜੋ ਤੁਸੀਂ ਦੇਖ ਰਹੇ ਹੋ ਇਹ ਆਪਣੇ ਆਪ ਚ ਆਪਣੀ ਤੇ ਹੋਏ ਜਬਰ ਜ਼ੁਲਮ ਦੀ ਕਹਾਣੀ ਬਿਆਨ ਕਰ ਰਿਹਾ ਹੈ।ਜਦੋਂ ਮੈਂ ਇਸ ਪਰਿਵਾਰ ਦੀ ਇੰਟਰਵਿਊ ਕਰਨ ਗਿਆ ਸੀ ਤਾਂ ਪਰਮਜੀਤ ਸਿੰਘ ਪੰਜਵੜ ਦੀ ਭਾਬੀ ਜੀ ਸਰਦਾਰ ਅਮਰਜੀਤ ਸਿੰਘ ਜੀ ਦੇ ਘਰੋਂ ਉਹਨਾਂ ਮੈਨੂੰ ਆਹ ਪੁਰਾਣਾ ਮਕਾਨ ਦਿਖਾਇਆ ਸੀ ਜੋ ਮੈਂ ਵੀਡਿਓ ਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਗੁਰਬਾਣੀ ਅਖੰਡ ਬਾਣੀ ਚੈਨਲ ਰਾਹੀਂ ਵਿਖਾ ਚੁੱਕਾ ਹਾਂ।ਮੇਰੀ ਉਸ ਪੰਜਵੜ ਨਗਰ ਦੀ ਪਹਿਲੀ ਫੇਰੀ ਬਾਰੇ ਵੀ ਮੈਂ ਆਰਟੀਕਲ ਲਿਖ ਚੁੱਕਾ ਹਾਂ ।ਆਹ ਤਾਜ਼ਾ ਤਸਵੀਰ ਇੱਕ ਸਤੰਬਰ 2022 ਦੀ ਹੈ ਜੋ ਮੈਂ ਨਵੇਂ ਘਰ ਦੇ ਉਪਰੋਂ ਖਿੱਚੀ ਹੈ ਕਿਓਂਕਿ ਬਹੁਤ ਵੱਡਾ ਘਾਹ ਉੱਗ ਚੁੱਕਾ ਹੈ ਉੱਥੇ ਹੁਣ ਜਿਵੇਂ ਕੋਈ ਜੰਗਲ ਚ ਇਹ ਘਰ ਹੋਵੇ।ਮੈਂ ਪਹਿਲੀ ਵਾਰੀ ਜਦੋਂ ਪੰਜਵੜ ਨਗਰ ਗਿਆ ਸੀ ਉਦੋਂ ਵੀ ਸਰਦਾਰ ਬਲਦੇਵ ਸਿੰਘ ਫੌਜੀ ਪੰਜਵੜ ਸਰਦਾਰ ਅਮਰਜੀਤ ਸਿੰਘ ਪੰਜਵੜ ਸਰਦਾਰ ਸਰਬਜੀਤ ਸਿੰਘ ਪੰਜਵੜ ਤਿੰਨੇ ਭਰਾਵਾਂ ਨੂੰ ਕਿਹਾ ਸੀ ਕਿ ਇਸ ਘਰ ਨੂੰ ਕਦੀ ਢਾਹਣਾ ਨਹੀਂ ਇਹ ਘਰ ਨਹੀਂ ਸਿੱਖ ਸੰਘਰਸ਼ ਦੀ ਹਿਸਟਰੀ ਬਣ ਚੁੱਕਾ ਹੈ ਤਾਂ ਤਿੰਨੇ ਭਰਾਵਾਂ ਤੇ ਭਰਜਾਈਆਂ ਨੇ ਬਚਨ ਦਿੱਤਾ ਸੀ ਕਿ ਅਸੀਂ ਕਦੀ ਵੀ ਇਸ ਘਰ ਨੂੰ ਢਾਹਾਂਗੇ ਨਹੀਂ ਇੰਝ ਹੀ ਰਖਾਂਗੇ ਮੈਂ 9 ਮਹੀਨੇ ਬਾਅਦ ਫਿਰ ਹੁਣ ਪੰਜਵੜ ਦੇ ਘਰ ਗਿਆ ਤੇ ਪਰਮਜੀਤ ਸਿੰਘ ਪੰਜਵੜ ਦੇ ਭਰਾਵਾਂ ਨੇ ਫਿਰ ਬਚਨ ਦਿੱਤਾ ਕਿ ਕਦੀ ਵੀ ਇਸ ਘਰ ਨੂੰ ਛੇੜਣਗੇ ਨਹੀਂ। ਪਰਮਜੀਤ ਸਿੰਘ ਪੰਜਵੜ ਦੇ ਪਰਿਵਾਰ ਉੱਤੇ ਹੋਏ ਜ਼ੁਲਮ ਦੀ ਕਹਾਣੀ ਮੈਂ ਤਿੰਨ ਕਿਸ਼ਤਾਂ ਚ ਪਹਿਲਾਂ ਹੀ ਬਯਾਂ ਕਰ ਚੁੱਕਾ ਹਾਂ ਸਾਰੇ ਪਰਿਵਾਰ ਤੇ ਰਿਸ਼ਤੇਦਾਰਾਂ ਦੇ ਨਾਮ ਲਿਖ ਚੁੱਕਾ ਹਾਂ।ਪਰਮਜੀਤ ਸਿੰਘ ਪੰਜਵੜ ਕੁਲ 5 ਭਰਾ ਹੋਏ ਜਿਹਨਾਂ ਵਿਚੋਂ ਇੱਕ ਭਰਾ ਵੀ ਪੁਲਿਸ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਹੈ।ਮਾਤਾ ਜੀ ਦੇ ਕਤਲ ਦਾ ਕੇਸ ਸੀ ਬੀ ਆਈ ਦੀ ਤੱਕ ਪਹੁੰਚ ਚੁੱਕਾ ਹੈ ਸਾਰੀਆਂ ਗਵਾਹੀਆਂ ਹੋ ਚੁੱਕੀਆਂ ਹਨ ਥੋੜ੍ਹੇ ਸਮੇਂ ਤੱਕ ਮਾਨਯੋਗ ਅਦਾਲਤ ਜੱਜ ਸਾਹਿਬ ਆਪਣਾ ਜੋ ਵੀ ਫੈਸਲਾ ਕਰਨਗੇ ਜੋ ਵੀ ਇਨਸਾਫ ਕਰਨਗੇ ਪੂਰੇ ਪੰਥ ਸਾਹਮਣੇ ਆਵੇਗਾ। ਪਰ ਦੋਸ਼ੀਆਂ ਵਲੋਂ ਧਮਕੀਆਂ ਤੇ ਲਾਲਚ ਪਰਿਵਾਰ ਨੂੰ ਕਰੋੜਾਂ ਦੇ ਦਿੱਤੇ ਗਏ ਜੋ ਪਰਿਵਾਰ ਨੇ ਜੁੱਤੀ ਦੀ ਨੋਕ ਤੇ ਠੋਕਰ ਮਾਰ ਦਿੱਤੀ। ਐਡਾ ਜਬਰ ਜ਼ੁਲਮ ਇਸ ਪਰਿਵਾਰ ਨੇ ਸਹਾਰਿਆ ਕਿ ਪਰਮਜੀਤ ਸਿੰਘ ਪੰਜਵੜ ਦੇ ਤਿੰਨ ਭਰਾ ਨਾ ਚੰਗੀ ਤਰ੍ਹਾਂ ਬੈਠ ਸਕਦੇ ਹਨ ਨਾਂ ਤੁਰ ਸਕਦੇ ਹਨ ਨਾਂ ਉਠ ਸਕਦੇ ਹਨ ਏਨਾ ਅੰਨ੍ਹਾਂ ਤਸ਼ੱਦਦ ਤਿੰਨਾਂ ਭਰਾਵਾਂ ਉੱਤੇ ਪੁਲਿਸ ਨੇ ਕੀਤਾ ਜਿਸਦੀ ਗਵਾਹੀ ਉਹ ਆਪ ਹਨ ਜਿਸਦੀ ਹਿਸਟਰੀ ਉਹ ਆਪ ਬਣ ਚੁੱਕੇ ਹਨ। ਜਦੋਂ ਮੈਂ ਘਰ ਪਹੁੰਚਿਆ ਤਾਂ ਸਰਦਾਰ ਸਰਬਜੀਤ ਸਿੰਘ ਬਹੁਤ ਮੁਸ਼ਕਿਲ ਨਾਲ ਸੋਟੀ ਦਾ ਸਹਾਰਾ ਲੈਕੇ ਉੱਠੇ ਸਨ ਉਹਨਾਂ ਦੇ ਸਰੀਰ ਉੱਤੇ ਏਨਾ ਟਾਰਚਰ ਪੰਜਾਬ ਪੁਲਿਸ ਨੇ ਕੀਤਾ ਕਿ ਉਹਨਾਂ ਦੇ ਦੋਨੋ ਪੈਰ ਜ਼ਮੀਨ ਉੱਪਰ ਨਹੀਂ ਲਗਦੇ ਅੱਜ ਵੀ ...। ਪਰਮਜੀਤ ਸਿੰਘ ਰਾਂਣਵਾ 98152 25979

# ਗੁਰਮਖਿ ਨਿਹਚਲੁ ਚਿਤੁ ਨ ਹਲੈ ਹਲਿਆ

ਅਡੋਲ, ਨਿਹਚਲ ਪਹਾੜ ਵਰਗਾ ਤਾਂ ਹਿਲ ਕਿਥੇ ਜਾਊ। ਇਓਂ ਨਹੀ ਕਿ ਇਟੇ ਰੋੜੇ ਤਰਾਂ ਕੋਈ ਚਕ ਕੇ ਜਿਥੇ ਮਰਜੀ ਜਿਸਦੇ ਮਰਜੀ ਪੈਰਾਂ ਵਿਚ ਸੁਟ ਦਏ।ਭਰਾ, ਭਤੀਜਾ ਫਿਰ ਜਵਾਨ ਪੁਤ ਵੱਢ ਸੁਟਿਆ ਅਖਾਂ ਸਾਹਵੇਂ ਫਿਰ ਪਤਨੀ ਵੀ ਕਿ ਸ਼ਾਇਦ ਪਹਾੜ ਹਿਲ ਜਾਏ, ਡੋਲ ਜਾਏ, ਉਖੜ ਜਾਏ। ਇਧਰੋਂ ਹਥ ਪਾ ਕਦੇ ਇਧਰੋਂ ਜੋਰ ਲਾ ਪਰ ਨਿਹਚਲ ਚਿਤ ਅਡੋਲ ਜਿਗਰੇ ਕਿਥੇ ਹਲ ਜਾਣਗੇ। ਆਖਰ ਟੋਕਾ ਲੈ ਕੇ ਖਿਝਿਆ ਜਲਾਦ ਜਦ ਭਾਈ ਮਨੀ ਸਿੰਘ ਵੰਨੀ ਹੋਇਆ ਅਤੇ ਕੰਮ ਨਿਬੇੜਨ ਦੇ ਇਰਾਦੇ ਨਾਲ ਸਿਧਾ ਗੁਟ ਤੇ ਗਰਰਰਚ ਕਰਦਾ ਮਾਰਿਆ ਕਿ ਨਿਬੇੜੋ ਛੇਤੀ ਪਰ ਅਗਿਓਂ ਸਿੰਘ ਕਹਿੰਦਾ ਤੈਨੂੰ ਕਾਹਲੀ ਕਾਹਦੀ ਜਦ ਮੈਨੂੰ ਕੋਈ ਨਾ।

ਫੁਟਦੀ ਮੁਛ, ਡਲਕਾਂ ਮਾਰਦਾ ਸੂਹਾ ਰੰਗ ਜਿਸ ਨੂੰ ਦੇਖ ਕੇ ਕਾਜੀ ਵੀ ਬੇਈਮਾਨ ਹੋ ਗਿਆ ਕਿ ਅਜਿਹਾ ਜਵਾਨ ਪੁਤ ਮੇਰੀ ਧੀ ਲਈ ਵਰ ਕਿਓਂ ਨਹੀ ਹੋਣਾ ਚਾਹੀਦਾ।

ਭਾਈ ਸ਼ੁਬੇਗ ਸਿੰਘ ਨੂੰ ਮੁਖਾਤਬ ਹੁੰਦਾ ਕਾਜੀ ਆਂਹਦਾ ਸ਼ਬੇਗ ਸਿਆਂ ਹਾਲੇ ਵੀ ਪੁਤ ਅਪਣੇ ਨੂੰ ਸਮਝਾ ਠਾਠਾਂ ਮਾਰਦੀ ਚੜੀ ਆ ਰਹੀ ਜਵਾਨੀ ਕਿਓਂ ਭੰਗ ਦੇ ਭਾੜੇ ਗਵਾਉਣੀ ਹੋਈ। ਚਰਖੜੀ ਦੇ ਇਕ ਗੇੜੇ ਨੇ ਹੀ ਮੁੰਡਾ ਤੇਰਾ ਬੇਪਛਾਣ ਕਰ ਦੇਣਾ ਰਸਤਾ ਸੌਖਾ ਨਾਹ ਮੰਨ ਜਾਹ ਬਾਦਸ਼ਾਹੀਆਂ ਨੇ ਇਧਰ।ਸਿੰਘ ਕਹਿੰਦਾ ਮੈਨੂੰ ਕੀ ਪੁਛਦਾਂ ਖੁਦ ਹੀ ਅਜਮਾ ਕੇ ਦੇਖ ਲੈ ਪਹਾੜ ਹਲਦਾ ਜੇ। ਪੈਰਾਂ ਤੋਂ ਲੈ ਕੇ ਸਿਰ ਤਕ ਜਦ ਇਕ ਗੇੜੇ ਨੇ ਜਵਾਨ ਪੁਤ ਛਿਲ ਸੁਟਿਆ ਤਾਂ ਕਾਜੀ ਮੁੰਡੇ ਵੰਨੀ ਘਟ ਪਰ ਪਿਓ ਵੰਨੀ ਜਿਆਦਾ ਦੇਖ ਰਿਹਾ ਕਿ ਅਖ ਨੀਵੀ ਕਰਦਾ ਕਿ ਨਹੀ। ਹਾਓਕਾ ਲੈਂਦਾ ਕਿ ਨਹੀ, ਸਾਹ ਲੰਮਾ ਜਾਂਦਾ ਭਲਾ ਹਿਕ ਦੇ ਧੁਰ ਹੇਠਾਂ ਤਾਈਂ ਪਰ ਪਹਾੜਾਂ ਜਿਡੇ ਜਿਥੇ ਜਿਗਰੇ ਹੋਣ।ਟਾਰਚਰ ਕਰਦੇ ਅਮਰੀਕਾ ਵਾਲੇ ਪੁਛ ਰਹੇ ਸਨ ਬੰਦੇ ਨੂੰ ਕਿ ਬੰਬ ਕਿਥੇ ਕਿਥੇ ਲਾਏ ਵੇ ਨੇ। ਬੰਦਾ ਕੋਹਿਆ ਤਾਂ ਗਿਆ ਜੁਬਾਨ ਨਹੀ ਖੋਹਲੀ ਪਰ ਜਦ ਘਰਵਾਲੀ ਸਾਹਵੇਂ ਲਿਆ ਕੇ ਤੜਫਾਈ ਤਾਂ ਬੰਦਾ ਹਿਲਿਆ ਤਾਂ ਸਹੀਂ ਪਰ ਉਸ ਦਾ ਮਰਨਾ ਵੀ ਜਰ ਗਿਆ ਪਰ ਧਾਹਾਂ ਤਾਂ ਤਦ ਨਿਕਲੀਆਂ ਜਦ ਪੁਤ ਵੀ ਸਾਹਵੇਂ ਲਿਆ ਖੜਾ ਕੀਤਾ। ਏਹਾ ਕਹਾਣੀ ਇਕ ਅਮਰੀਕਨ ਮੂਵੀ ਦੀ ਹੈ ਜੋ ਸਹੀ ਕਹਾਣੀ ਦੇ ਬੇਸ ਤੇ ਬਣੀ ਸੀ ਨਾਂ ਭੁਲ ਗਿਆ।ਪੁਤ ਦੀ ਝੂਠੀ ਖਬਰ ਨਾਲ ਹੀ ਸੂਰਮਾ ਮੰਨਿਆ ਜਾਂਦਾ ਦਰੋਣਾਚਾਰੀਆ ਗੋਡਿਆਂ ਭਾਰ ਹੋ ਗਿਆ ਅਗਲਿਆਂ ਗਾਟਾ ਲਾਹ ਕੇ ਔਹ ਮਾਰਿਆ। ਚਰਖੜੀ ਦਾ ਜਦ ਅਗਲਾ ਗੇੜਾ ਆਇਆ ਤਾਂ ਆਂਦਰਾ ਦੇ ਰੁਗ ਭਰ ਭਰ ਬਾਹਰ ਮਾਰੇ ਚਰਖੜੀ ਨੇ ਤਾਂ ਕਾਜੀ ਨੇ ਫਿਰ ਪਿਓ ਵੰਨੀ ਦੇਖਿਆ ਕਿ ਹੁਣ ਤਾਂ ਚੀਕਾਂ ਵਜਣਗੀਆਂ ਪਰ ਗੁਰਮੁਖਾਂ ਦੇ ਨਿਹਚਲ ਚਿਤ ਕਾਹਨੂੰ ਹਿਲਦੇ।ਪਿੰਜਰੇ ਵਿਚ ਬੈਠੇ ਬਾਬੇ ਨੂੰ ਜਲਾਦ ਆਂਹਦਾ ਬੰਦਾ ਸਿਆਂ ਭੁਖਾਂ ਏ ਬੜੇ ਦਿਨਾ ਦਾ ਅਜ ਤੇਰੇ ਖਾਣ ਦਾ ਖਾਸ ਪ੍ਰਬੰਧ ਕੀਤਾ ਗਿਆ ਈ ਅਤੇ ਮਾਸੂਮ ਪੁਤ ਲਿਆ ਕੇ ਪਿਓ ਦੇ ਪਟ ਤੇ ਰਖ ਦਿਤਾ ਕਿ ਸ਼ਾਇਦ ਹਿਲ ਜਾਏ ਪਰ ਕੋਈ ਹਿਲ ਜੁਲ ਨਾ ਬਾਬਾ ਓਵੇਂ ਦਾ ਓਵੇਂ ਅਡੋਲ।ਚੀਰ ਕੇ ਕਲੇਜਾ ਛੋਟਾ ਜਿਹਾ ਧੜਕਦਾ ਦਿਲ ਬਾਹਰ ਕਢਕੇ ਪਿਓ ਦੇ ਹੀ ਮੂੰਹ ਤੁੰਨ ਦਿਤਾ ਕਿ ਮਿਟਾ ਭੁਖ ਆਵਦੀ ਪਰ ਕਿਸੇ ਦੇਖਿਆ ਹੋਵੇ ਪਹਾੜ ਹਿਲਦਾ।ਗੁਰਮਖਾਂ ਦੇ ਚਿਤ ਅਹਿਲ, ਨਿਹਚਲ। ਆਹਾ ਤੁਹਾਡੇ ਲੰਡਰ ਜਿਹੇ ਸਾਧ ਜਿਹੜਾ ਮਾੜਾ ਜਿਹਾ ਭਾਰਾ ਲਫਾਫਾ ਰਖ ਦਏ ਚਲ ਸਿਧਾ ਗੁਰਮੁਖ। ਗੁਰਮੁਖ ਦੀ ਸਹੀ ਵਿਆਖਿਆ ਖਾਲਸਾ ਜੀ ਦੇ ਇਤਿਹਾਸ ਵਿਚੋਂ ਬਾਖੂਬ ਲਭਦੀ ਜਦ ਜ਼ਕਰੀਆ ਪੁਛਦਾ ਤਾਰੂ ਸਿਆਂ ਕੇਸ ਲਾਹਵਾਂ ਕੇ ਖੋਪਰੀ। ਜ਼ਕਰੀਏ ਨੂੰ ਜਾਪਿਆ ਸੌਖਾ ਰਾਹ ਚੁਣੇਗਾ ਪਰ ਸਿੰਘ ਆਂਹਦਾ ਜ਼ਕਰੀਆ ਖੋਪਰੀ ਹੀ ਲਥਣ ਦੇਹ ਦੇਖਾਂ ਕਿੰਨਾ ਕੁ ਜੋਰ ਐ ਤੇਰੇ ਜੁਲਮ ਵਿਚ ਅਤੇ ਮੇਰੇ ਜਰਨ ਵਿਚ ਅਤੇ ਸਿੰਘ 21 ਦਿਨ ਲਹੂ ਚੋਂਦੇ ਈ ਅਡੋਲ ਕਟ ਗਿਆ ਪਰ ਜ਼ਕਰੀਏ ਕੋਲੋਂ ਪਹਾੜ ਹਲਿਆ ਨਾ।ਇਥੇ ਤਾਂ 7-9 ਸਾਲ ਦੇ ਨਾ ਹਲੇ ਵਜੀਦੇ ਕੋਲੋਂ ਬਾਕੀਆਂ ਕੀ ਹਿਲਣਾ ਸੀ।ਜਦ ਬੰਦਾ ਸਥਿਰ ਹੋ ਗਿਆ, ਜਦ ਲਿਵ ਵਿਚ ਚਲਾ ਗਿਆ, ਜਦ ਭਰੋਸੇ ਵਿਚ ਉਤਰ ਗਿਆ ਫਿਰ ਓਹ ਗੁਰਮੁੱਖ ਹੋ ਗਿਆ ਅਤੇ ਗੁਰਮੁਖਾਂ ਦੀ ਲਾਈਨ ਲੰਮੀ ਮੇਰੇ ਇਤਿਹਾਸ ਵਿਚ ਜਿਹੜੇ ਤੂੰਬਾ ਤੂੰਬਾ ਤਾਂ ਉਡ ਗਏ ਪਰ ਹਲੇ ਨਾ।ਹਾਲੇ ਤਾਂ ਕਲ ਦੀਆਂ ਗਲਾਂ ਭਾਈ ਕੁਲਵੰਤ ਸਿੰਘ ਨਾਗੋਕੇ ਵਰਗੇ ਵੰਗਾਰ ਕੇ ਬੈਠੇ ਮੂਹਰੇ ਕੇ ਥਾਣੇਦਾਰਾ ਬਾਕੀ ਗਲਾਂ ਮਾਰ ਗੋਲੀ ਜਾਹ ਹਾਇ ਵੀ ਕਢਾ ਦੇਹ ਮੂੰਹੋਂ ਸਿਖੀ ਛਡ ਦਿਆਂਗਾ। ਅਤੇ ਦੇਹ ਸਿੰਘ ਦੀ? ਕਿਹੜਾ ਅੰਗ ਸੀ ਜਿਹੜਾ ਭੰਨ ਨਾ ਸੁਟਿਆ।

-ਗੁਰਦੇਵ ਸਿੰਘ ਸੱਧੇਵਾਲੀਆ


UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.






Call today to book
your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion

ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING

Email: info@universaltent.ca www.universaltent.ca



UNIVERSAL BUILDING MAINTENANCE LTD.

Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi

Cell: 604-377-2641
Bus: 604-951-2909

Website:www.universalbuildingmaintenance.ca
Email:universalbuildingmaintenance01@gmail.com


ਅਸੀਂ ਪਰਿਵਾਰਾਂ ਦਾ ਬੋਝ ਹਲਕਾ ਕਰਨ ਵਿੱਚ ਮਦਦ ਕਰ ਰਹੇ ਹਾਂ।
ਬੀ.ਸੀ. ਦੇ ਪਰਿਵਾਰ ਹੁਣ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਦੀ ਦੇਖਭਾਲ 'ਤੇ ਪ੍ਰਤੀ ਬੱਚਾ ਪ੍ਰਤੀ ਮਹੀਨਾ $145 ਤੱਕ ਦੀ ਬੱਚਤ ਅਤੇ ਅੱਧੇ ਦਿਨ ਦੇ ਪ੍ਰੀਸਕੂਲ ਪ੍ਰੋਗਰਾਮਾਂ 'ਤੇ $95 ਪ੍ਰਤੀ ਮਹੀਨਾ ਤੱਕ ਦੀ ਬੱਚਤ ਕਰ ਸਕਦੇ ਹਨ।*
BRITISH COLUMBIA
ਹੋਰ ਜਾਣਕਾਰੀ ਲਈ ਜਾਓ: gov.bc.ca/childcare
*ਭਾਗ ਲੈਣ ਵਾਲੀਆਂ ਫੈਸਿਲੀਟੀਆਂ 'ਤੇ। ਸਕੂਲ ਜਾਣ ਦੀ ਉਮਰ ਦੇ ਬੱਚਿਆਂ ਦੀ ਦੇਖਭਾਲ ਦੀਆਂ ਬੱਚਤਾਂ ਗ੍ਰੇਡ 1 ਤੋਂ 12 ਸਾਲ ਦੀ ਉਮਰ ਲਈ ਹਨ। ਅਸਲ ਬੱਚਤ, ਪ੍ਰਾਪਤ ਕੀਤੀ ਗਈ ਬਾਲ-ਸੰਭਾਲ ਦੀ ਕਿਸਮ 'ਤੇ ਅਧਾਰਿਤ ਹੈ।


ਕੀ ਤੁਹਾਨੂੰ ਆਪਣੇ ਡਾਕਟਰ ਨਾਲ ਅੰਗਰੇਜ਼ੀ ਵਿੱਚ ਗੱਲ ਬਾਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ ?
ਤੁਹਾਡੇ ਲਈ ਮੁਫ਼ਤ ਮੈਡੀਕਲ ਅਨੁਵਾਦਕ ਉਪਲਬਧ ਹਨ !
ਅਸੀਂ ਕੌਣ ਹਾਂ ?
ਵੋਲੈਂਟੀਆ ਹੈਲਥਕੇਅਰ ਟ੍ਰਾਂਸਲੇਸ਼ਨ ਯੂ.ਬੀ.ਸੀ. ਦੀ ਇੱਕ ਸੰਸਥਾ ਹੈ ਜੋ ਅੰਗਰੇਜ਼ੀ ਦੀ ਘੱਟ ਸਮਝ ਵਾਲੇ ਮਰੀਜ਼ਾਂ ਲਈ ਮੁਫ਼ਤ ਸਿਹਤ ਸੰਭਾਲ ਅਨੁਵਾਦ ਸੇਵਾਵਾਂ ਪ੍ਰਦਾਨ ਕਰਦੀ ਹੈ।
ਕਿਸੇ ਵੀ ਸਵਾਲ ਲਈ ਈਮੇਲ ਰਾਹੀਂ ਸੰਪਰਕ ਕਰੋ
ubcvolentia@gmail.com
ਮੁਫ਼ਤ ਅਨੁਵਾਦਕ ਨੂੰ ਬੁੱਕ ਕਰਨ ਲਈ ਹੇਠਾਂ ਦਿੱਤੇ ਕੋਡ ਨੂੰ ਆਪਣੇ ਫੋਨ ਦੇ ਕੈਮਰੇ ਨਾਲ ਸਕੈਨ ਕਰੋ :
UBC THE UNIVERSITY OF BRITISH COLUMBIA
linktr.ee/volentia


LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3


ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)



THE UNTOLD STORY OF
SHAHEED KARTAR SINGH SARABHA
SARABHA DRIVING SCHOOL
CHILLIWACK DRIVING SCHOOL
AMRIT GREWAL SARABHA
&
SARABHA DRIVING SCHOOL
PRESENTS
ਹਿੰਦ ਵਾਸੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲੋਂ ਨਾ ਭੁਲਾ ਦੇਣਾ
ਸ਼ਹੀਦ ਕਰਤਾਰ ਸਿੰਘ ਸਰਾਭਾ
ਦੀ ਉਹ ਕਹਾਣੀ ਜੋ ਕਦੀ ਨਹੀਂ ਸੁਣਾਈ ਗਈ
SARABHA
A FILM BY KAVI RAZ
ਸਰਾਭਾ
PRODUCERS: ARVIND SINGLA | KULDEEP SHARMA | VEEPASHA KASHYAP | SARBJIT HUNDAL | ANIL UPPAL | ANIL YADAV | KAVI RAZ
AMRIT GREWAL SARABHA | JATINDER JAY MINHAS. STARRING: JAPTEJ SINGH | MUKUL DEV | KAVI RAZ | KANWAR GREWAL | JASBIR JASSI
PRITHVI RAAJ SINGH SIDHU JASPINDER CHEEMA | MALKEET RAUNI | MAHABIR BHULLAR | MALKIAT MEET | ANKUR RATHEE
SUMEND WANKHANDE | GURPREET RATOL | AMANINDER DHILLON | SAMEER SHARMA | AKAASH YADAV | SHARHAAN SINGH | KABIR GILL
DARREN TASSELL | ALEX REECE | SPECIAL APPEARANCE: JOBANPREET SINGH. EXECUTIVE PRODUCER: SWARAN SINGH
DIRECTOR OF PHOTOGRAPHY (INDIA): INDERJIT BANSEL | (USA): AARON C SMITH
MUA: REGINA SCHIMER | COSTUME DESIGNER: SUNNY BINNING | PRODUCTION DESIGNER: ASHISH KAUSHAL
EDITOR: HARPER GAHUNIA | BACKGROUND SCORE: SHEZAN SHEIKH | MUSIC BY: ONKAR MINHAS | SAAJID SALAAM | DYA SINGH.
FIRST ASSIT. DIRECTOR: VICKEY KADAM | ASSIT. DIRECTOR: MALKIAT MEET | PUBLICITY DESIGNER: MILROY GOES
WRITTEN & DIRECTED BY KAVI RAZ
RELEASING WORLDWIDE IN CINEMAS
3RD NOVEMBER 2023

OZLA

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES
*BOX BEDS *HEADBOARDS
*DRESSERS *CHESTS
*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca
#109-18669 52 AVE SURREY, BC
www.ozla.ca

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*20 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਸਮੂਹ ਸੰਗਤ ਪਿੰਡ ਸ਼ੇਰਪੁਰ ਕਲਾਂ ਵੱਲੋਂ ਹੋਵੇਗੀ।

*21 ਅਕਤੂਬਰ ਦਿਨ ਸ਼ਨਿਚਰਵਾਰ ਗੁਰਦਿਆਲ ਸਿੰਘ ਪਰਿਵਾਰ ਵੱਲੋਂ ਅਨੰਦਕਾਰਜ ਦੀ ਰਸਮ ਹੋਵੇਗੀ।

*21 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਪਿੰਡ ਡਾਂਗੀਆ ਅਤੇ ਸ਼ੇਰਪੁਰ ਕਲਾਂ ਦੀ ਸੰਗਤ ਵੱਲੋਂ ਹੋਵੇਗੀ।

*22 ਅਕਤੂਬਰ ਦਿਨ ਐਤਵਾਰ ਪਿੰਡ ਸ਼ੇਰਪੁਰ ਕਲਾਂ ਦੀ ਸਮੂਹ ਸੰਗਤ ਵੱਲੋਂ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

*22 ਅਕਤੂਬਰ ਦਿਨ ਐਤਵਾਰ ਕੰਵਰਦੀਪ ਸਿੰਘ ਪਰਿਵਾਰ ਵੱਲੋਂ ਸ੍ਰੀ ਸਹਿਜਪਾਠ ਦੇ ਭੋਗ ਪਾਏ ਜਾਣਗੇ।

*22 ਅਕਤੂਬਰ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਲਖਵੀਰ ਸਿੰਘ ਗਿੱਲ ਪਰਿਵਾਰ ਵੱਲੋਂ ਹੋਵੇਗੀ।

*23 ਅਕਤੂਬਰ ਦਿਨ ਸੋਮਵਾਰ ਰਾਜਦੀਪ ਸਿੰਘ ਬਰਾੜ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ।

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਸੁਰਿੰਦਰਪਾਲ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਦਾ ਜਥਾ,
ਭਾਈ ਭਗਤਜੀਤ ਸਿੰਘ ਜਲੰਧਰ ਵਾਲਿਆਂ ਦਾ ਜਥਾ
*ਕਥਾ ਵਾਚਕ-ਭਾਈ ਬਲਵੀਰ ਸਿੰਘ ਗਹੌਰ
*ਢਾਡੀ ਜਥਾ:ਬੀਬੀ ਬਲਵਿੰਦਰ ਕੌਰ ਖਹਿਰਾ



ਬੀਬੀ ਬਲਵਿੰਦਰ ਕੌਰ ਖਹਿਰਾ ਦਾ ਢਾਡੀ ਜਥਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,ਭਾਈ ਹਰੀ ਸਿੰਘ ਮਾਨ:639-423-0004

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570

ਭਾਈ ਜੈਵੀਰ ਸਿੰਘ (ਗ੍ਰੰਥੀ):1-226-971-9955, ਭਾਈ ਕੇਵਲ ਸਿੰਘ (ਗ੍ਰੰਥੀ):1-672-998-5848

## 21 ਅਕਤੂਬਰ 1914 ਦੇ ਦੁਸ਼ਟ ਸੋਧਕ ਦਿਹਾੜੇ ‘ਤੇ ਵਿਸ਼ੇਸ਼

# ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ ਕੈਨੇਡਾ ‘ਚ ਬਹੁ- ਸੱਭਿਆਚਾਰਕ ਢਾਂਚਾ ਸਿਰਜਣ ਦਾ ਸ਼ਾਨਾਮੱਤਾ ਇਤਿਹਾਸ

ਡਾ. ਗੁਰਵਿੰਦਰ ਸਿੰਘ

ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ ਹਾਪਕਿਨਸਨ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਸਰਕਾਰੀ ਸ਼ਹਿ ‘ਤੇ ਏਜੰਟ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਗੁਰਦੁਆਰਾ ਸਾਹਿਬ ਉੱਪਰ ਕੀਤੇ ਹਮਲੇ ਅਤੇ ਗੁਰੂ ਦੀ ਹਜ਼ੂਰੀ ਵਿੱਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ ਕਾਰਨ, ਜੁਝਾਰੂ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ, ਦੁਸ਼ਟ ਸੂਹੀਏ ਵਿਲੀਅਮ ਹਾਪਕਿਨਸਨ ਨੂੰ 21 ਅਕਤੂਬਰ 1914 ਨੂੰ ਸੋਧਿਆ ਸੀ। ਇਸ ਸਮੇਂ ਚੱਲ ਰਹੀ ਕਸ਼ਮਕਸ਼ ਦੇ ਦੌਰ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ 109 ਸਾਲ ਪਹਿਲਾਂ ਭਾਰਤੀ ਬ੍ਰਿਟਿਸ਼ ਏਜੰਟਾਂ ਨੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਹਕੂਮਤੀ ਸ਼ਹਿ ‘ਤੇ ਸ਼ਹੀਦ ਕਰਵਾਇਆ ਸੀ ਅਤੇ ਹੁਣ ਫੇਰ ਇਹ ਇਤਿਹਾਸ ਦੁਹਰਾਇਆ ਗਿਆ ਹੈ। ਕੈਨੇਡਾ ਦੀ ਧਰਤੀ ‘ਤੇ 18 ਜੂਨ 2023 ਨੂੰ ਇਥੋਂ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਇੰਡੀਅਨ ਏਜੰਟਾਂ ਦੇ ਰਾਹੀਂ ਭਾਰਤ ਵੱਲੋਂ ਸ਼ਹੀਦ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਇਸ ਵੇਲੇ ਜਾਂਚ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿੱਚ ਆਵਾਜ਼ ਬੁਲੰਦ ਕੀਤੀ ਹੈ ਅਤੇ ਵਿਸ਼ਵ ਪੱਧਰ ‘ਤੇ ਇਹ ਵਰਤਾਰਾ ਸਾਹਮਣੇ ਲਿਆਂਦਾ ਹੈ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ ‘ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। 21 ਅਕਤੂਬਰ 1914 ਦੇ ਦਿਨ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ ‘ ’ਚਿੱਟੀ ਚਮੜੀ ਵਾਲਿਆਂ ਦਾ ਦੇਸ਼’ ਸਾਬਤ ਕਰਨ ਦੀ ਕੋਸ਼ਿਸ਼ ‘ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ ‘ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ।

ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ ‘ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ ‘ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਨੂੰ ਫਾਂਸੀ ਕਿਉਂ ਦਿੱਤੀ ਗਈ? ਇਹ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ ਭਾਈ ਸਾਹਿਬ ਨੂੰ ਫਾਂਸੀ ਹੋਈ ਸੀ। ਵਿਲੀਅਮ ਚਾਰਲਸ ਹਾਪਕਿਨਸਨ ਕੌਣ ਸੀ? ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ ‘ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ ‘ਬਾਗੀਆਂ ਦਾ ਖਾਤਮਾ’ ਕਰ ਅਤੇ ‘ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ’ ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ ‘ਟਾਈਮਜ਼ ਆਫ ਲੰਡਨ’ ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ। ਉਸਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟਾਚਾਰੂ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। ‘ਪਾੜੋ ਤੇ ਰਾਜ ਕਰੋ’ ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ।

ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਦੇ ਭਿਅੰਕਰ ਦੋਸ਼ ਕਰ ਕੇ ਅੱਜ ਤੋਂ ਇੱਕ ਸੌ ਨੌਂ ਵਰ੍ਹੇ ਪਹਿਲਾਂ, ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ ‘ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ ‘ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ ‘ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ।



ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ - ਇੰਡੀਅਨ ਵਿਲੀਅਮ ਹਾਪਕਿਨਸਨ





TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫ਼ਤਹਿ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

20 ਅਕਤੂਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
21 ਅਕਤੂਬਰ, ਦਿਨ ਸ਼ਨਿੱਰਵਾਰ....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
22 ਅਕਤੂਬਰ, ਦਿਨ ਐਤਵਾਰ......ਸਵੇਰ ਦੇ ਲੰਗਰ ਦੀ ਸੇਵਾ ਬੀਬੀ ਕੁਲਵਿੰਦਰ ਕੌਰ ਮਾਨ ਅਤੇ ਪਰਿਵਾਰ ਵਲੋਂ ਹੋਵੇਗੀ।
27 ਅਕਤੂਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
29 ਅਕਤੂਬਰ, ਦਿਨ ਐਤਵਾਰ......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਬਲਵਿੰਦਰ ਕੁਲਾਰ ਅਤੇ ਪਰਿਵਾਰ ਵਲੋਂ ਹੋਵੇਗੀ।
5 ਨਵੰਬਰ, ਦਿਨ ਐਤਵਾਰ...........ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
5 ਨਵੰਬਰ, ਦਿਨ ਐਤਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਢੱਕ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ।21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ।ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ।ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ, ਜਿਵੇਂ ਕੁਝ ਵਰ੍ਹਿਆਂ ਬਾਅਦ ਸੰਨ 1919 'ਚ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ 'ਚ ਸ਼ਾਂਤਮਈ ਇਕੱਠ ਤੇ ਗੋਲ਼ੀਆਂ ਚਲਦਿਆਂ ਬੇਕਸੂਰ ਸੈਂਕੜੇ ਲੋਕਾਂ ਦੀ ਸ਼ਹੀਦੀ ਮਗਰੋਂ ਊਧਮ ਸਿੰਘ ਦਾ ਖ਼ੂਨ ਖੌਲ ਉਠਿਆ ਸੀ ਤੇ ਉਸਨੇ ਖੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਉਡਵਾਇਰ ਨੂੰ ਦੋਸ਼ੀ ਮੰਨਦਿਆਂ ਸੋਧਣ ਦੀ ਸਹੁੰ ਖਾਈ ਸੀ।ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ।ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ।

ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਣਾਉ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : ''ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

''ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋ਼ਲੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।'' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ ''ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ'' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ।

ਇਸ ਦਿਨ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ।ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ।

ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ।ਨਸਲਵਾਦ ਖ਼ਿਲਾਫ਼ ਡਟਣ ਵਾ਼ਲੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

# ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਵਸ ਅਤੇ ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਗੱਦੀ ਦਿਵਸ ਗੁਰੂ ਹਰਕ੍ਰਿਸ਼ਨ ਜੀ, ਜੋਤੀ ਜੋਤ ਦਿਵਸ ਗੁਰੂ ਗੋਬਿੰਦ ਸਿੰਘ ਜੀ ਮਨਾਇਆ ਜਾਵੇਗਾ ਅਤੇ 3 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ: 1. ਭਾਈ ਕੁੰਦਨ ਸਿੰਘ ਸੱਜਣ ਅਤੇ ਬੀਬੀ ਵਿਦਿਆ ਕੌਰ ਸੱਜਣ ਪਰਿਵਾਰ ਵੱਲੋਂ 2. ਭਾਈ ਤਜਾਵਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ 3. ਭਾਈ ਹਰਵਿੰਦਰ ਸਿੰਘ ਪਰਿਵਾਰ ਵੱਲੋਂ ਇਹ ਅਖੰਡਪਾਠ ਸਾਹਿਬ 20 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 22 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*20 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਬਲਵਿੰਦਰ ਸਿੰਘ ਪੱਢਾ ਪਰਿਵਾਰ 2. ਭਾਈ ਮਨਪ੍ਰੀਤ ਸਿੰਘ ਬਾਹੀਆ ਪਰਿਵਾਰ ਵੱਲੋਂ

*21 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਵ. ਸਰਬਜੀਤ ਸਿੰਘ ਸੰਘੇੜਾ ਦਾ ਦੁਪਹਿਰ 12.30 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਦੁਪਹਿਰ 2 ਵਜੇ ਭੋਗ ਪਾਏ ਜਾਣਗੇ ਅਤੇ ਉਹਨਾਂ ਨਮਿਤ ਅੰਤਮ ਅਰਦਾਸ ਹੋਵੇਗੀ।

*21 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਬੀਬੀ ਪ੍ਰਭਜੋਤ ਕੌਰ ਗਰੇਵਾਲ ਪਰਿਵਾਰ ਵੱਲੋਂ 2. ਰੌਬੀ ਸਮਰਾ ਪਰਿਵਾਰ ਵੱਲੋਂ

*22 ਅਕਤੂਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਵ. ਬੀਬੀ ਗੁਰਮੀਤ ਕੌਰ ਤੱਖਰ ਦੀ ਯਾਦ ਵਿਚ ਹੋਵੇਗੀ।

*22 ਅਕਤੂਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਦਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

*22 ਅਕਤੂਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਪਲਵਿੰਦਰ ਸਿੰਘ ਅਟਵਾਲ ਪਰਿਵਾਰ ਅਤੇ ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ ਹੋਵੇਗੀ।

*22 ਅਕਤੂਬਰ ਦਿਨ ਐਤਵਾਰ ਨੂੰ ਸਵ. ਕੁਲਵੰਤ ਸਿੰਘ ਗਿੱਲ ਦਾ ਦੁਪਹਿਰ 12 ਵਜੇ ਵੈਲੀਵਿਊ ਫਿਊਨਰਲ ਹੋਮ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਦੁਪਹਿਰ 1.30 ਵਜੇ ਭੋਗ ਪਾਏ ਜਾਣਗੇ ਅਤੇ ਉਹਨਾਂ ਨਮਿਤ ਅੰਤਮ ਅਰਦਾਸ ਹੋਵੇਗੀ।

*22 ਅਕਤੂਬਰ ਦਿਨ ਐਤਵਾਰ ਨੂੰ ਸਵ. ਜਗਤਾਰ ਸਿੰਘ ਬਸਰਾ ਦਾ ਸ਼ਾਮ 3 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ। ਉਪਰੰਤ ਗੁਰੂਘਰ ਵਿਖੇ ਸ਼ਾਮ 5 ਵਜੇ ਭੋਗ ਪਾਏ ਜਾਣਗੇ ਅਤੇ ਉਹਨਾਂ ਨਮਿਤ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਨਿੱਕੀ ਹੇਲੀ ਵੱਲੋਂ ਫਲਸਤੀਨੀਆਂ ਲਈ ਬੂਹੇ ਬੰਦ ਕਰਨ ’ਤੇ ਇਸਲਾਮਿਕ ਮੁਲਕਾਂ ਦੀ ਨਿਖੇਧੀ

ਵਾਸ਼ਿੰਗਟਨ: ਰਿਪਬਲਿਕਨ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਨਿੱਕੀ ਹੇਲੀ ਨੇ ਗਾਜ਼ਾ ਤੋਂ ਆਉਣ ਵਾਲੇ ਆਮ ਨਾਗਰਿਕਾਂ ਲਈ ਆਪਣੇ ਦਰ ਨਾ ਖੋਲ੍ਹਣ ਲਈ ਇਸਲਾਮਿਕ ਮੁਲਕਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਇਰਾਨ ਨਾਲ ਪਰਮਾਣੂ ਸੌਦੇ ਲਈ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ’ਤੇ ਵਰ੍ਹਦਿਆਂ ਤਹਿਰਾਨ ’ਤੇ ਦੋਸ਼ ਲਾਇਆ ਕਿ ਉਹ ਹਮਾਸ ਅਤੇ ਹਿਜ਼ਬੁੱਲਾ ਨੂੰ ਸ਼ਹਿ ਦੇ ਰਿਹਾ ਹੈ। ਹੇਲੀ ਨੇ ‘ਸੀਐੱਨਐੱਨ’ ਨੂੰ ਕਿਹਾ,‘‘ਸਾਨੂੰ ਫਲਸਤੀਨੀ ਨਾਗਰਿਕਾਂ ਖਾਸ ਕਰਕੇ ਬੇਕਸੂਰਾਂ ਦਾ ਧਿਆਨ ਕਰਨਾ ਚਾਹੀਦਾ ਹੈ ਕਿਉਂਕਿ ਉਹ ਸਹਾਇਤਾ ਨਹੀਂ ਮੰਗ ਸਕਦੇ ਹਨ। ਪਰ ਅਰਬ ਮੁਲਕ ਕਿੱਥੇ ਹਨ? ਕਤਰ, ਲਬਿਨਾਨ, ਜਾਰਡਨ ਅਤੇ ਮਿਸਰ ਕਿੱਥੇ ਹਨ? ਕੀ ਤੁਸੀਂ ਜਾਣਦੇ ਹੋ ਕਿ ਅਸੀਂ ਮਿਸਰ ਨੂੰ ਸਾਲ ’ਚ ਅਰਬਾਂ ਡਾਲਰ ਦਿੰਦੇ ਹਾਂ? ਉਹ ਬੂਹੇ ਕਿਉਂ ਨਹੀਂ ਖੋਲ੍ਹ ਰਹੇ ਹਨ? ਉਹ ਫਲਸਤੀਨੀਆਂ ਨੂੰ ਕਿਉਂ ਨਹੀਂ ਲੈ ਰਹੇ ਹਨ?’’ ਉਨ੍ਹਾਂ ਕਿਹਾ ਕਿ ਉਹ ਹਮਾਸ ਨੂੰ ਆਪਣੇ ਗੁਆਂਢ ’ਚ ਨਹੀਂ ਆਉਣ ਦੇਣਾ ਚਾਹੁੰਦੇ ਹਨ। ‘ਫਿਰ ਇਜ਼ਰਾਈਲ ਹਮਾਸ ਨੂੰ ਗੁਆਂਢ ’ਚ ਕਿਉਂ ਰੱਖਣਾ ਚਾਹੇਗਾ? ਅਰਬ ਮੁਲਕ ਫਲਸਤੀਨੀਆਂ ਦੀ ਸਹਾਇਤਾ ਲਈ ਕੁਝ ਵੀ ਨਹੀਂ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਭਰੋਸਾ ਨਹੀਂ ਹੈ ਕਿ ਕੌਣ ਸਹੀ ਹੈ ਅਤੇ ਕੌਣ ਗਲਤ ਹੈ।

## ਬੀਜੇਪੀ ਵੱਲੋਂ ਬੀਬੀ ਮਊਆ ਮੋਇਤਰਾ ਐਮ.ਪੀ ਉਤੇ ਲਗਾਏ ਨਿਰਆਧਾਰ ਦੋਸ਼ ਅਤੇ ਕੀਤਾ ਗਿਆ ਦੁਰਵਿਹਾਰ ਅਸੱਭਿਅਕ:ਮਾਨ



ਦਿੱਲੀ (ਮਨਪ੍ਰੀਤ ਸਿੰਘ ਖਾਲਸਾ):ਜੇਕਰ ਮੌਜੂਦਾ ਪਾਰਲੀਮੈਂਟ ਮੈਬਰਾਂ ਦੀ ਕਾਬਲੀਅਤ, ਕੰਮ ਕਰਨ ਦਾ ਢੰਗ, ਦ੍ਰਿੜਤਾ ਅਤੇ ਬਾਦਲੀਲ ਗੱਲ ਕਰਨ ਦੇ ਮੁੱਦਿਆ ਨੂੰ ਮੁੱਖ ਰੱਖਕੇ ਘੋਖਿਆ ਜਾਵੇ ਤਾਂ ਬੀਬੀ ਮਊਆ ਮੋਇਤਰਾ ਐਮ.ਪੀ ਨੂੰ ਪਾਰਲੀਮੈਂਟ ਦੇ ਚੰਗੇ ਬੁਲਾਰਿਆ ਵਿਚੋ ਸਭ ਤੋ ਉੱਤਮ ਬੁਲਾਰਣ ਕਹਿ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਅੱਤਕਥਨੀ ਨਹੀ ਹੋਵੇਗੀ । ਕਿਉਂਕਿ ਬੀਬੀ ਮਊਆ ਮੋਇਤਰਾ ਵੱਲੋ ਆਪਣੀ ਗੱਲ ਨੂੰ ਬਾਦਲੀਲ ਢੰਗ ਨਾਲ ਕਹਿਣ ਦੀ ਮੁਹਾਰਤ, ਆਪਣੀ ਦਿਲ ਖਿਚਵੀ ਸ਼ਬਦਾਵਲੀ ਰਾਹੀ ਸਭ ਦਾ ਧਿਆਨ ਕੇਦਰਿਤ ਕਰਨ ਅਤੇ ਉਠਾਏ ਗਏ ਜਨਤਕ ਮੁੱਦਿਆ ਦਾ ਸਹੀ ਹੱਲ ਦੇਣ ਦੀ ਕਾਬਲੀਅਤ ਹੈ।ਇਹੀ ਵਜਹ ਹੈ ਕਿ ਉਹ ਸਭ ਐਮ.ਪੀਜ ਦਾ ਧਿਆਨ ਆਪਣੇ ਵੱਲ ਖਿਚਣ ਵਿਚ ਹਮੇਸ਼ਾਂ ਕਾਮਯਾਬ ਰਹਿੰਦੇ ਹਨ।ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਬੀਜੇਪੀ ਪਾਰਟੀ ਦੇ ਐਮ.ਪੀ ਸ੍ਰੀ ਨਿਸੀਕਾਤ ਦੂਬੇ ਵੱਲੋ ਜਿਸ ਬੇਹੁੱਦਾ ਅਤੇ ਅਪਮਾਨਜਨਕ ਢੰਗ ਨਾਲ ਬੀਬੀ ਉਤੇ ਨਿਰਆਧਾਰ ਦੋਸ਼ ਲਗਾਕੇ ਉਨ੍ਹਾਂ ਦੀ ਸਖਸ਼ੀਅਤ ਨੂੰ ਦਾਗੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਗਈ ਹੈ ਅਤੇ ਪਾਰਲੀਮੈਂਟ ਨਿਯਮਾਂ ਅਤੇ ਅਸੂਲਾਂ ਦਾ ਉਲੰਘਣ ਕੀਤਾ ਗਿਆ ਹੈ, ਉਸਨੂੰ ਕੋਈ ਵੀ ਸਹੀ ਨਹੀ ਠਹਿਰਾਅ ਸਕਦਾ।ਅਜਿਹਾ ਅਮਲ ਤਾਂ ਬੀਬੀ ਨੂੰ ਦ੍ਰਿੜਤਾ ਤੇ ਸੱਚ ਨਾਲ ਬੋਲਣ ਤੋ ਰੋਕਣ ਦੀ ਸਾਜਿਸ ਦਾ ਹਿੱਸਾ ਜਾਪਦੀ ਹੈ।ਜੋ ਆਪਣੇ ਲੋਕਾਂ ਦੇ ਹੱਕ ਹਕੂਕਾ ਨੂੰ ਬਾਖੂਬੀ ਰੱਖਣ ਦੀ ਸਮਰੱਥਾਂ ਰੱਖਦੀ ਹੈ, ਉਸਨੂੰ ਆਪਣੇ ਲੋਕਾਂ ਦੀ ਆਵਾਜ ਉਠਾਉਣ ਉਤੇ ਉਤਸਾਹਿਤ ਕਰਨ ਦੀ ਬਜਾਇ ਨਿਰਉਤਸਾਹਿਤ ਕੀਤਾ ਜਾ ਰਿਹਾ ਹੈ। ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਜਪਾ ਐਮ.ਪੀ ਦੀ ਨਿੰਦਾ ਕੀਤੀ ਹੈ ਜਿਸਨੇ ਮਊਆ ਨੂੰ ਬੇ-ਇਜ਼ਤ ਕੀਤਾ। ਉਨਾ ਕਿਹਾ ਕਿ ਪਾਰਲੀਮੈਂਟ ਦੀ ਦ੍ਰਿੜ ਇਰਾਦੇ ਵਾਲੀ, ਉਸ ਉੱਚੇ-ਸੁੱਚੇ ਇਖਲਾਕ ਦੀ ਮਾਲਕ ਬੀਬੀ ਮਊਆ ਮੋਇਤਰਾ ਹੈ ।ਉਹ ਇੰਡੀਆ ਤੇ ਕੌਮਾਂਤਰੀ ਪੱਧਰ ਦੀ ਹਰ ਖੇਤਰ ਦੀ ਡੂੰਘੀ ਜਾਣਕਾਰੀ ਰੱਖਣ ਵਾਲੀ ਬਾਦਲੀਲ ਢੰਗ ਨਾਲ ਗੱਲ ਕਰਨ ਵਾਲੀ ਹੈ ਬੀਬੀ ਜੋ ਲੋਕ ਸਭਾ ਦੀ ਸਭ ਤੋ ਵਧੀਆ ਬੁਲਾਰਣ ਹੈਉਸ ਉਤੇ ਬੀਜੇਪੀ ਐਮ.ਪੀ ਰਿਸੀਕਾਤ ਦੂਬੇ ਵੱਲੋ ਨਿਰਆਧਾਰ ਦੋਸ਼ ਲਗਾਕੇ ਉਨ੍ਹਾਂ ਦੀ ਸਖਸ਼ੀਅਤ ਨੂੰ ਬਦਨਾਮ ਕਰਨ ਅਤੇ ਉਨ੍ਹਾਂ ਦੇ ਇਰਾਦੇ ਤੇ ਹੌਸਲੇ ਨੂੰ ਡੇਗਣ ਵਾਲੀ ਕਾਰਵਾਈ ਹੈ।। ਉਨ੍ਹਾਂ ਕਿਹਾ ਕਿ ਬੀਬੀ ਵੱਲੋ ਉਠਾਏ ਮੁੱਦਿਆ ਦੀ ਬਦੌਲਤ ਮੌਜੂਦਾ ਬੀਜੇਪੀ ਦੀ ਮੋਦੀ ਸਰਕਾਰ ਦੀ ਸਮੁੱਚੇ ਹਾਊਸ ਤੇ ਇੰਡੀਅਨ ਨਿਵਾਸੀਆ ਵਿਚ ਕਿਰਕਰੀ ਹੋਈ ਹੈ।ਇਹੀ ਵਜਹ ਹੈ ਕਿ ਬਦਲੇ ਦੀ ਭਾਵਨਾ ਨਾਲ ਉਸ ਬੀਬੀ ਉਤੇ ਨਿਰਆਧਾਰ ਦੋਸ਼ ਲਗਾਉਣ ਦੀ ਕਾਰਵਾਈ ਕੀਤੀ ਗਈ ਹੈ।

---

21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ ‘ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਘਟਨਾਵਾਂ ਵਿੱਚ, ਸਰੀ ਦੇ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਤਰਜ਼ ‘ਤੇ ਹੀ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕਰਨ ਤੋਂ ਪ੍ਰਤੱਖ ਰੂਪ ਵਿੱਚ ਮਿਲਦੀ ਹੈ। ਇਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ।

-ਡਾ. ਗੁਰਵਿੰਦਰ ਸਿੰਘ,ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)ਐਬਟਸਫੋਰਡ, ਕੈਨੇਡਾ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ





# ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਹੋਮਿਓਪੈਥੀ

ਉਂਝ ਤਾਂ ਭੁੱਲਣ ਦੀ ਸਮੱਸਿਆ ਕਿਸੇ ਨੂੰ ਵੀ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਹੋ ਸਕਦੀ ਹੈ, ਪਰ ਕਈਆਂ ਵਿੱਚ ਵਧਦੀ ਉਮਰ ਦੇ ਨਾਲ-ਨਾਲ ਭੁਲੱਕਣਪੁਣਾ ਵਧਣਾ ਦਿਖਾਈ ਦਿੰਦਾ ਹੈ। ਇਸ ਲੇਖ ਰਾਹੀਂ ਬਜ਼ੁਰਗਾਂ ਵਿੱਚ ਭੁੱਲਣ ਦੀ ਸਮੱਸਿਆ ਅਤੇ ਯਾਦਾਸ਼ਤ ਦੀ ਘਾਟ ਜਾਂ ਯਾਦਾਸ਼ਤ ਗਵਾਉਣ ਦੇ ਵਿਸ਼ੇ 'ਤੇ ਚਾਨਣ ਪਾਇਆ ਜਾਵੇਗਾ। ਦਿਮਾਗ ਨੂੰ ਮਿਲਦੀ ਖ਼ੁਰਾਕ "ਨਿਊਰੋਟ੍ਰਾਂਸਮਿਟਰ" ਦੀ ਉਪਜ ਵਾਸਤੇ ਇੰਧਣ ਦਾ ਕੰਮ ਕਰਨ ਦੇ ਨਾਲ-ਨਾਲ "ਐਂਟੀ ਆਕਸੀਡੈਂਟ" ਨੂੰ ਵੀ ਬਰਕਰਾਰ ਰੱਖਦੀ ਹੈ। ਭੁੱਲਣ ਦੀ ਬਿਮਾਰੀ ਦੇ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ ਜਿਨ੍ਹਾਂ ਤੋਂ ਆਮ ਜ਼ਿੰਦਗੀ ਵਿੱਚ ਆਸਾਨੀ ਨਾਲ ਬਚਿਆ ਜਾ ਸਕਦਾ ਹੈ।

ਅਲੂਮਨਮ, ਸਿੱਕਾ (ਲੈੱਡ), ਮਰਕਰੀ (ਪਾਰਾ), ਅਤੇ ਵਾਧੂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿੱਚ ਉਗਾਈ ਭੋਜਨ ਸਮੱਗਰੀ ਖਾਣ ਨਾਲ ਜਿੱਥੇ ਦਿਮਾਗ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ਉੱਥੇ ਹੀ ਦਿਮਾਗ ਨੂੰ ਸੀਲੇਨੀਏਮ, ਵਿਟਾਮਿਨ ਈ ਅਤੇ ਫ਼ੋਲਿਕ ਐਸਿਡ ਜਿਹੇ ਕਈ ਤਰ੍ਹਾਂ ਦੇ ਪੋਸ਼ਕ ਤੱਤਾਂ ਦੀ ਵੀ ਘਾਟ ਹੋ ਜਾਂਦੀ ਹੈ। ਬਜ਼ੁਰਗਾਂ ਵਿੱਚ "ਅਲਜ਼ਾਈਮਰਜ਼" (ਭੁੱਲਣ ਦੀ ਬਿਮਾਰੀ) ਇੱਕ ਭਿਆਨਕ ਬਿਮਾਰੀ ਹੈ ਜਿਸ ਦੇ ਕਾਰਣ ਅਸਪਸ਼ਟ ਹਨ। ਅਮਰੀਕਾ ਵਿੱਚ 65 ਸਾਲ ਤੋਂ ਵਡੇਰੀ ਉਮਰ ਦੇ ਲਗਭਗ 10% ਬਜ਼ੁਰਗ ਇਸ ਬਿਮਾਰੀ ਨਾਲ ਪੀੜਤ ਹਨ।

40 ਤੋਂ 65 ਸਾਲ ਦੇ ਉਮਰ ਵਰਗ ਵਿੱਚ ਲਗਭਗ 5% ਵਿਅਕਤੀ ਇਸ ਬਿਮਾਰੀ ਤੋਂ ਪ੍ਰਭਾਵਿਤ ਹਨ। ਭੁੱਲਣ ਦੀ ਆਦਤ 20 ਤੋਂ 40 ਸਾਲ ਦੀ ਉਮਰ ਵਿਚਕਾਰ ਵੀ ਸ਼ੁਰੂ ਹੋ ਸਕਦੀ ਹੈ, ਪਰ ਇਹ ਵੇਖਣ ਵਿੱਚ ਵੀ ਆਇਆ ਹੈ ਕਿ ਲਗਭਗ 40% ਕੇਸਾਂ ਵਿੱਚ ਇਸ ਬਿਮਾਰੀ ਦੀ ਸਹੀ ਪਛਾਣ ਹੀ ਨਹੀਂ ਹੁੰਦੀ। ਡਮੈਨਸ਼ੀਆ ਜਾਂ ਦਿਮਾਗੀ ਨਿਘਾਰ ਦਾ ਪਤਾ ਕਰਨ ਲਈ ਦਿਮਾਗ ਦੀ ਨਾੜੀਆਂ ਦੇ ਸਖ਼ਤ ਹੋਣ ਜਾਂ ਅਧਰੰਗ ਦੇ ਛੋਟੇ-ਛੋਟੇ ਦੌਰੇ ਪੈਣ ਜਿਹੇ ਹੋਰਨਾਂ ਸੰਭਾਵੀ ਕਾਰਣਾਂ ਦੀ ਪਰਖ ਕੀਤੀ ਜਾਣੀ ਵੀ ਜ਼ਰੂਰੀ ਹੈ।

ਸਰੀਰ ਵਿੱਚ ਪਾਣੀ ਦੀ ਕਮੀ, ਉਦਾਸੀ ਰੋਗ ਅਤੇ ਨਸ਼ੇ ਦੀ ਆਦਤ ਵੀ ਇਸ ਰੋਗ ਵਿੱਚ ਯੋਗਦਾਨ ਪਾ ਸਕਦੀਆਂ ਹਨ। ਦਿਮਾਗੀ ਸਿਹਤ ਵਾਸਤੇ ਜਿੱਥੇ ਸਰੀਰਕ ਕਸਰਤ ਅਤੇ ਦਿਮਾਗੀ ਕਸਰਤ ਦੀ ਵੱਡੀ ਭੂਮਿਕਾ ਹੈ, ਉੱਥੇ ਹੀ ਸਾਡੀ ਜੀਵਨ ਸ਼ੈਲੀ ਅਤੇ ਭੋਜਨ ਉੱਤੇ ਵੀ ਇੱਕ ਚੰਗੀ ਦਿਮਾਗੀ ਸਿਹਤ ਉਸਰਦੀ ਹੈ।ਹੇਠਾਂ ਦਿੱਤੇ ਕੁਝ ਫਲ ਅਤੇ ਸਬਜ਼ੀਆਂ ਦਿਮਾਗੀ ਸਿਹਤ ਅਤੇ ਯਾਦਾਸ਼ਤ ਨੂੰ ਸਹੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ:

- ਐਵੋਕਾਡੋ
- ਚੁਕੰਦਰ
- ਬਲੂਬੈਰੀਆਂ
- ਬ੍ਰੌਕਲੀ
- ਸੈਲਰੀ
- ਖੋਪੇ ਦਾ ਤੇਲ
- ਡਾਰਕ ਚਾਕਲੇਟ
- ਅੰਡੇ ਦਾ ਯੋਕ
- ਐਕਸਟ੍ਰਾ ਵਰਜਿਨ ਆਲਿਵ ਓਇਲ
- ਹਰੀਆਂ ਸਬਜ਼ੀਆਂ
- ਰੋਜ਼ਮੈਰੀ
- ਸੈਲਮਨ
- ਹਲਦੀ
- ਅਖਰੋਟ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



**ਹੋਮਿਓਪੈਥਿਕ ਉਪਚਾਰ:**

ਦਿਮਾਗੀ ਸਿਹਤ ਦੀ ਦੇਖਭਾਲ ਅਤੇ ਤੰਦਰੁਸਤੀ ਵਾਸਤੇ ਹੋਮਿਓਪੈਥੀ ਦੀਆਂ ਕਾਰਗਰ ਦਵਾਈਆਂ ਸਹਾਇਕ ਹੋ ਸਕਦੀਆਂ ਹਨ ਜਿਨ੍ਹਾਂ ਰਾਹੀਂ ਦਿਮਾਗ ਨੂੰ ਪੋਸ਼ਣ ਅਤੇ ਆਕਸੀਜਨ ਦੀ ਲੋੜੀਂਦੀ ਸਪਲਾਈ ਮਿਲਦੀ ਹੈ। ਸਹੀ ਦਵਾਈ ਦੀ ਵਰਤੋਂ ਨਾਲ "ਨਿਊਰੋਟ੍ਰਾਂਸਮਿਟਰ ਪ੍ਰਣਾਲੀ" ਉੱਪਰ ਵਧੀਆ ਪ੍ਰਭਾਵ ਪੈਂਦਾ ਹੈ। ਹੋਮਿਓਪੈਥਿਕ ਦਵਾਈਆਂ ਰਾਹੀਂ ਦਿਮਾਗੀ ਇਕਾਗਰਤਾ ਅਤੇ ਯਾਦਾਸ਼ਤ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਾਸਤੇ ਮਦਦ ਮਿਲ ਸਕਦੀ ਹੈ।ਯਾਦਾਸ਼ਤ ਦੀਆਂ ਮਾਮੂਲੀ ਸਮੱਸਿਆਵਾਂ ਵਿੱਚ ਹੋਮਿਓਪੈਥੀ ਦੀ "30 ਪੋਟੈਂਸੀ" ਦੀ ਢੁਕਵੀਂ ਦਵਾਈ ਲਈ ਜਾ ਸਕਦੀ ਹੈ।ਪਰ, ਵਿਗੜੀ ਹੋਈ ਯਾਦਾਸ਼ਤ ਦੀ ਸਥਿਤੀ ਵਿੱਚ ਸਹੀ ਦਵਾਈ ਦੀ ਛੋਟੀ ਤੋਂ ਛੋਟੀ ਤਾਕਤ ਲੈਣੀ ਫ਼ਾਇਦੇਮੰਦ ਹੋ ਸਕਦੀ ਹੈ।

ਢੁਕਵੀਂ ਦਵਾਈ ਅਤੇ ਉਸ ਦੀ ਸਹੀ ਪੋਟੈਂਸੀ ਦੀ ਚੋਣ ਸਿਰਫ਼ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਕਰ ਸਕਦਾ ਹੈ ਅਤੇ ਆਪਣੇ ਬਗ਼ੈਰ ਮਾਹਿਰ ਸਲਾਹ ਤੋਂ ਹੋਮਿਓਪੈਥਿਕ ਦਵਾਈਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

ਲੱਛਣਾ ਮੁਤਾਬਕ ਕੁਝ ਦਵਾਈਆਂ ਜਿਵੇਂ ਕਿ ਅਨਾਕਾਰਡੀਅਮ, ਬ੍ਰੈਟਾ ਕਾਰਬ, ਕੋਨੀਅਮ, ਲਾਇਕੋਪੋਡੀਅਮ, ਥੂਜਾ ਆਦਿ ਤਜਵੀਜ਼ ਕੀਤੀਆਂ ਜਾ ਸਕਦੀਆਂ ਹਨ।

ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਡਾਕਟਰ ਨੇ ਔਰਤ ਦੇ ਮੂੰਹ ਵਿੱਚ ਥਰਮਾਮੀਟਰ ਰੱਖਿਆ ਅਤੇ ਕੁਝ ਦੇਰ ਮੂੰਹ ਬੰਦ ਰੱਖਣ ਲਈ ਕਿਹਾ।
ਪਤਨੀ ਨੂੰ ਚੁੱਪ ਦੇਖ ਕੇ ਪਤੀ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਪੁੱਛ ਹੀ ਲਿਆ, ਡਾਕਟਰ ਸਾਹਿਬ, ਇਹ ਚੀਜ਼ ਕਿੰਨੇ ਕੁ ਦੀ ਆਉਂਦੀ ਹੈ ?

-------------

ਮਾਂ (ਬੇਟੇ ਨੂੰ), ਬੇਟਾ, ਮਹਿਮਾਨਾਂ ਨੂੰ ਖਾਣੇ ਦਾ ਪੁੱਛ ਲੈ?
ਬੇਟਾ (ਮਹਿਮਾਨਾਂ ਨੂੰ), ਅੰਕਲ, ਤੁਸੀਂ ਖਾਣਾ ਖਾ ਕੇ ਆਏ ਹੋ ਜਾਂ ਘਰ ਜਾ ਕੇ ਖਾਉਗੇ?

-------------

ਪਤਨੀ:-, ਤੁਸੀਂ ਮੈਨੂੰ ਦੋ ਗੱਲਾਂ ਬੋਲੋ, ਪਹਿਲੀ ਨਾਲ ਖੁਸ਼ ਹੋ ਜਾਵਾਂ ਤੇ ਦੂਜੀ ਨਾਲ ਗੁੱਸੇ ਵਿੱਚ ਆ ਜਾਵਾਂ।
ਪਤੀ:- ਤੂੰ ਮੇਰੀ ਜ਼ਿੰਦਗੀ ਏਂ। ਲਾਹਨਤ ਹੈ ਅਜਿਹੀ ਜ਼ਿੰਦਗੀ 'ਤੇ।

-------------

ਬਿਜਲੀ ਵਿਭਾਗ 'ਚ ਲਾਈਨਮੈਨ ਦੇ ਅਹੁਦੇ ਲਈ ਇੰਟਰਵਿਊ 'ਚ ਉਮੀਦਵਾਰ ਤੋਂ ਸਵਾਲ ਪੁੱਛਿਆ ਗਿਆ-
"ਜੇ ਅਚਾਨਕ ਬਿਜਲੀ ਗੁੱਲ ਹੋ ਜਾਵੇ ਤਾਂ ਸਭ ਤੋਂ ਪਹਿਲਾਂ ਕੀ ਬੰਦ ਕਰਨਾ ਚਾਹੀਦਾ ?"
ਉਮੀਦਵਾਰ, "ਪੁੱਛਗਿੱਛ ਦਾ ਫੋਨ।

-------------

ਅਧਿਆਪਕ, ਬੰਟੀ, ਤੂੰ ਕਾਲਜ ਕਿਸ ਲਈ ਆਉਂਦਾ ਏਂ ?"
ਬੰਟੀ, "ਵਿੱਦਿਆ ਲਈ ਸਰ।"
ਅਧਿਆਪਕ, "ਤਾਂ ਅੱਜ ਤੂੰ ਸੌਂ ਕਿਉਂ ਰਿਹਾ ਏਂ ?"
ਬੰਟੀ:- "ਅੱਜ ਵਿੱਦਿਆ ਨਹੀਂ ਆਈ

-------------

ਰਾਜੂ ਦੀ ਪਤਨੀ ਪੇਕੇ ਗਈ ਸੀ  ਪਤਨੀ ਫੋਨ ਤੇ :-"ਜਦੋਂ ਮੈਨੂੰ ਤੁਹਾਡੀ ਯਾਦ ਆਉਂਦੀ ਹੈ ਤਾਂ ਤੁਹਾਡੀ ਫੋਟੋ ਵੇਖ ਲੈਂਦੀ ਹਾਂ!"
ਰਾਜੂ :-ਅੱਛਾ ਅਤੇ ਮੇਰੀ ਅਵਾਜ਼ ਸੁਣਨ ਲਈ ਕੀ  ਕਰਦੀਂ ਏ? ਪਤਨੀ-'ਕੁਛ ਨੀ ਬਸ ਕੁੱਤੇ ਨੂੰ ਲੱਤ ਮਾਰ ਦਿੰਦੀ ਹਾਂ'

*****

ਪਤਨੀ-'ਸੁਣੋ ਜੀ ਉਹ ਜੋ ਆਦਮੀ ਸਾਹਮਣੇ ਟੇਬਲ ਤੇ ਬੈਠ ਕੇ ਸ਼ਰਾਬ ਪੀ ਰਿਹਾ ਹੈ ਉਸ ਨੂੰ ਮੈਂ ਦੱਸ ਸਾਲ ਪਹਿਲਾਂ ਵਿਆਹ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ।ਪਤੀ-"ਕਮਾਲ ਐ ਅਜੇ ਤੱਕ ਜਸ਼ਨ ਮਨਾ ਰਿਹਾ ਹੈ"

*****

ਬੇਟਾ :-'ਪਾਪਾ ਮੈਂ ਬਾਪ ਬਣ ਗਿਆ'!
ਪਾਪਾ:- 'ਕੁੱਤੇ ਨਲੈਕ ਨਿਕਲ ਜਾ ਮੇਰੇ ਘਰ ਵਿੱਚੋਂ'
ਬੇਟਾ :-'ਗਾਲ੍ਹਾਂ ਕਿਉਂ ਕੱਢ ਰਹੇ ਹੋ?'ਤੁਸੀਂ ਹੀ ਤਾਂ ਕਿਹਾ ਸੀ ਪਹਿਲਾਂ ਕੁਝ ਬਣ ਜਾਂ ਫਿਰ ਵਿਆਹ ਕਰਵਾ ਦਵਾਂਗਾ

*****

ਦੋਸਤ ਦੂਸਰੇ ਦੋਸਤ ਨੂੰ: 'ਪਤਨੀ ਨਾਲ ਲੜਾਈ ਖ਼ਤਮ ਹੋਈ ਕਿ ਨਹੀਂ'  ਪਤੀ:-'ਉਹ ਤਾਂ ਝੁਕ ਕੇ ਗੋਡਿਆਂ ਪਰਨੇ ਹੋ ਕੇ ਮੇਰੇ ਕੋਲ ਆਈ ਸੀ'
ਦੋਸਤ: 'ਕੀ ਗੱਲ ਕਰ ਰਿਹੈਂ'  ਪਤੀ:'ਹੋਰ ਨਹੀਂ ਤਾਂ ਕੀ'  ਦੋਸਤ-'ਫੇਰ ਕੀ ਬੋਲੀ ਭਾਬੀ ਜੀ'
ਪਤੀ-'ਬੋਲੀ ਕੇ ਮੰਜੇ ਦੇ ਹੇਠੋਂ  ਬਾਹਰ ਆ ਜਾਓ ਹੁਣ ਨ੍ਹੀਂ ਮਾਰਾਂਗੀ' !.

*****

ਸੋਨੂੰ-'ਤੈਨੂੰ ਪਤਾ ਕਿ ਪੱਕੇ ਦੋਸਤ ਕਿਹੜੇ ਹੁੰਦੇ ਹਨ?'
ਮੋਨੂ-'ਨਹੀਂ!ਕਿਹੜੇ ਹੁੰਦੇ ਹਨ?'
ਸੋਨੂ-'ਜਿਨ੍ਹਾਂ ਨੂੰ ਦੋ ਦਿਨ ਗਾਲ੍ਹਾਂ ਨਾ ਕੱਢੋ ਤਾਂ ਪੁੱਛਣ ਲੱਗਦੇ ਹਨ ਕਿ ਭਰਾ ਕਿਉਂ ਨਾਰਾਜ਼ ਹੋਇਆ ਫਿਰਦੈਂ'

*****

ਪਾਪਾ-'ਸਾਰਾ ਦਿਨ ਫੇਸਬੁੱਕ ਤੇ ਬੈਠਾ ਰਹਿੰਦਾ ਹੈ ਇਹ ਤੈਨੂੰ ਰੋਟੀ ਨ੍ਹੀਂ ਦੇਣ ਵਾਲੀ'
ਪੁੱਤਰ-'ਪਾਪਾ ਮੈਨੂੰ ਵੀ ਪਤਾ ਹੈ ਰੋਟੀ ਨਹੀਂ ਦੇਵੇਗੀ ਪਰ ਰੋਟੀ ਬਣਾਉਣ ਵਾਲੀ ਤਾਂ ਇੱਥੋਂ ਹੀ ਮਿਲੇਗੀ'

*****

ਮੇਰੇ ਇੱਕ ਗੁਆਂਢੀ ਹਨ ਜਿਨ੍ਹਾਂ ਦਾ ਨਾਂ ਭਗਵਾਨ ਅਤੇ ਉਨ੍ਹਾਂ ਦੀ ਕੁੜੀ ਦਾ ਨਾਮ ਹੈ ਭਗਤੀ ।
ਮਾਂ ਬੋਲਦੀ ਹੈ ਪੁੱਤਰ ਭਗਵਾਨ ਦੀ ਭਗਤੀ ਵਿਚ ਮਨ ਲਗਾਇਆ ਕਰ। ਹੁਣ ਮਾਂ ਨੂੰ ਕਿਵੇਂ ਸਮਝਾਵਾਂ ਕਿ ਭਗਤੀ ਵਿਚ ਤਾਂ ਮਨ ਲਗਾਉਂਦਾ ਹਾਂ ਪਰ ਭਗਵਾਨ ਨਹੀਂ ਮੰਨ ਰਹੇ ।

*****

ਪੱਪੂ ਕਾਰ ਧੋ ਰਿਹਾ ਸੀ ਉਦੋਂ ਨੇੜਿਉ ਦੀ ਇੱਕ ਆਂਟੀ ਲੰਘੀ।  ਆਂਟੀ:ਕਾਰ ਧੋ ਰਹੇ ਹੋ? ਪੱਪੂ- ਨਹੀਂ ਕਾਰ ਨੂੰ ਪਾਣੀ ਦੇ ਰਿਹਾ ਸ਼ਾਇਦ ਵੱਡੀ ਹੋ ਕੇ ਬੱਸ ਬਣ ਜਾਵੇ!

*****

ਇੱਕ ਵਾਰ ਮੱਛਰ ਦਾ ਬੇਟਾ ਪਹਿਲੀ ਉਡਾਣ ਉੱਤੇ ਗਿਆ। ਪੂਰੀ ਰਾਤ ਬਾਹਰ ਰਹਿਣ ਤੋਂ ਬਾਅਦ ਉਹ ਸਵੇਰੇ ਮੁੜਿਆ ਤਾਂ ਪਿਓ ਨੇ ਉਸ ਨੂੰ ਪੁੱਛਿਆ, ''ਕਿਵੇਂ ਰਿਹਾ ਬੇਟਾ?"
ਬੇਟਾ ਬੋਲਿਆ, ''ਸਾਰੇ ਲੋਕ ਤਾੜੀਆਂ ਵਜਾ-ਵਜਾ ਕੇ ਮੇਰਾ ਸਵਾਗਤ ਕਰ ਰਹੇ ਸਨ।

*************

ਪਤੀ (ਪਤਨੀ ਨੂੰ) " ਕੱਲ੍ਹ ਰਾਤ ਮੈਂ ਸੁਪਨਾ ਦੇਖਿਆ ਕਿ ਅਸੀ ਦੋਵੇਂ ਇੱਕ ਬੇੜੀ 'ਚ ਬੈਟੇ ਸਮੁੰਦਰ 'ਚ ਜਾ ਰਹੇ ਹਾਂ,ਅਚਾਨਕ ਤੁਫਾਨ ਆ ਗਿਆ ਤੇ ਮੈਂ ਸਮੁੰਦਰ ਵਿੱਚ ਡਿੱਗ ਪਿਆ'।
ਪਤਨੀ :- "ਫਿਰ ਕੀ ਹੋਇਆ?
ਪਤੀ:- ਫਿਰ ਤੂੰ ਮੈਨੂੰ ਬਚਾ ਲੈਂਦੀ ਹੈ ਤੇ ਕਹਿੰਦੀ ਹੈਂ ਕਿ ਸੱਤ ਜਨਮ ਤੱਕ ਤੁਹਾਡਾ ਸਾਥ ਨਿਭਾਵਾਂਗੀ।
ਪਤਬੀ :-'ਫਿਰ'
ਪਤੀ:- 'ਇਹ ਸੁਣਦੇ ਹੀ ਮੈਂ ਖੁਦ ਸਮੁੰਦਰ ਵਿੱਚ ਛਾਲ ਮਾਰ ਦਿੱਤੀ'।

*************

ਸੌਹਰਾ( ਫੋਨ ਤੇ ਜਵਾਈ ਨੂੰ) "ਜਵਾਈ ਜੀ ! ਤੁਹਾਡੇ ਸਾਲੇ ਲਈ ਲੜਕੀ ਦੇਖਣ ਜਾਣਾ ਹੈ,ਹੋ ਸਕੇ ਤਾਂ ਤੁਸੀਂ ਵੀ ਚਲਣਾਂ'।
ਜਵਾਈ, 'ਤੁਸੀਂ ਆਪ ਹੀ ਦੇਖ ਆਉ,ਮੇਰਾ ਤਾਂ ਖੁਦ ਦਾ ਫੈਸਲਾ ਗਲਤ ਸਾਬਿਤ ਹੋਇਆ ਹੈ"।

*************

ਪੱਪੂ ਪੈਰਸ਼ੂਟ ਵੇਚ ਰਿਹਾ ਸੀ "ਹਵਾਈ ਜਹਾਜ਼ ਤੋਂ ਛਾਲ ਮਾਰੋ,ਬਟਨ ਦਬਾਉ ਤੇ ਸੁਰਖਿਅਤ ਜ਼ਮੀਂਨ ਤੇ ਪਹੁੰਚ ਜਾਉ'।
ਗਾਹਕ:- 'ਜੇਕਰ ਪੈਰਾਸ਼ੂਟ ਨਾ ਖੁਲਿਆ'
ਪੱਪੂ:-"ਤਾਂ ਫਿਰ ਪੈਸੇ ਵਾਪਸ ਕਰ ਦੇਵਾਂਗਾ।"

*************

ਪਤਨੀ, ''ਤੁਹਾਡਾ ਦਿਮਾਗ ਸ਼ਾਇਦ ਸੜ ਗਿਆ ਹੈ।"
ਪਤੀ, ''ਹਾਂ, ਸ਼ਾਇਦ ਤੈਨੂੰ ਜ਼ਿਆਦਾ ਪਤਾ ਹੋਵੇਗਾ, ਰੋਜ਼-ਰੋਜ਼ ਖਾਂਦੀ ਜੋ ਰਹਿੰਦੀ ਏਂ।"

*************

ਅਧਿਆਪਕ, ''ਬੱਚਿਓ, ਤੁਸੀਂ ਏਕਤਾ ਨਾਲ ਰਹੋ। ਹਰ ਕੰਮ ਰਲ-ਮਿਲ ਕੇ ਕਰਨ ਨਾਲ ਬੜਾ ਲਾਭ ਹੁੰਦਾ ਹੈ।"
ਵਿਦਿਆਰਥੀ, ''...ਪਰ ਜਦੋਂ ਅਸੀਂ ਪ੍ਰੀਖਿਆ ਦੇ ਪਰਚੇ ਆਪੋ ਵਿੱਚ ਮਿਲ ਕੇ ਕਰਦੇ ਹਾਂ ਤਾਂ ਤੁਸੀਂ ਨਾਰਾਜ਼ ਕਿਉਂ ਹੁੰਦੇ ਹੋ?"

*************

ਰਾਹੁਲ, ''ਜਦੋਂ ਪੂਰਾ ਪਰਵਾਰ ਰਾਮਾਇਣ ਦੇਖ ਰਿਹਾ ਹੋਵੇ ਅਤੇ ਗਲਤੀ ਨਾਲ ਤੁਹਾਡੇ ਕੋਲੋ ਚੈਨਲ ਬਦਲ ਜਾਵੇ ਤਾਂ ਪਿਤਾ ਜੀ ਦੀ ਕੀ ਪ੍ਰਤੀਕਿਰਿਆ ਹੋਵੇਗੀ?"
ਅਨਿਲ, ''ਤੂੰ ਹੀ ਦੱਸ ਦੇ।''
ਰਾਹੁਲ, ''ਉਹ ਕਹਿੰਦੇ ਹਨ; ਰਾਖਸ਼ਸ ਪੈਦਾ ਹੋਇਆ ਹੈ ਘਰ ਵਿੱਚ।"

*************

ਦੋ ਔਰਤਾਂ ਗੱਲਾਂ ਕਰ ਰਹੀਆਂ ਸਨ।
ਇੱਕ ਬੋਲੀ, ''ਬਹੁਤ ਸਾਲ ਪਹਿਲਾਂ ਇੱਕ ਬਾਬੇ ਨੇ ਕਿਹਾ ਸੀ ਕਿ ਰੱਬ ਤੈਨੂੰ ਇੰਨਾ ਦੇਵੇਗਾ ਕਿ ਸੰਭਾਲਿਆ ਨਹੀਂ ਜਾਵੇਗਾ।"
ਦੂਜੀ, ''...ਤਾਂ ਕੀ ਹੋਇਆ?"
ਪਹਿਲੀ, ''ਬਾਦ ਵਿੱਚ ਪਤਾ ਲੱਗਾ ਕਿ ਉਹ ਭਾਰ ਦੀ ਗੱਲ ਕਰ ਰਿਹਾ ਸੀ।"

**************

ਪਤਨੀ, ''ਕੀ ਕਰ ਰਹੇ ਹੋ ਜੀ?"
ਪਤੀ, ''ਇੱਕ ਦੋਸਤ ਨੂੰ ਚਿੱਠੀ ਲਿਖ ਰਿਹਾ ਹਾਂ।"
ਪਤਨੀ, ''...ਪਰ ਤੁਹਾਨੂੰ ਤਾਂ ਲਿਖਣਾ ਹੀ ਨਹੀਂ ਆਉਂਦਾ?" ਪਤੀ, ''ਜਿਸ ਨੂੰ ਚਿੱਠੀ ਲਿਖ ਰਿਹਾ ਹਾਂ, ਉਸ ਨੂੰ ਕਿਹੜਾ ਪੜ੍ਹਨਾ ਆਉਂਦਾ ਹੈ।"

**************

ਸੁਮਿਤ, ''ਬੇਕਾਰ ਹੀ ਲੋਕ ਕਹਿੰਦੇ ਹਨ ਕਿ ਪਤਨੀਆਂ ਕਦੇ ਆਪਣੀ ਗਲਤੀ ਨਹੀਂ ਮੰਨਦੀਆਂ। ਮੇਰੇ ਵਾਲੀ ਰੋਜ਼ ਮੰਨਦੀ ਹੈ।"
ਬਿੱਲੂ, ''ਚੰਗਾ, ਕੀ ਕਹਿੰਦੀ ਹੈ?"
ਸੁਮਿਤ, ''ਗਲਤੀ ਹੋ ਗਈ ਤੇਰੇ ਨਾਲ ਵਿਆਹ ਕਰਵਾ ਕੇ।"

*****

ਸੂਰਜ ਇੱਕ ਕਿਲੋ ਜਲੇਬੀਆਂ ਖਾਣ ਤੋਂ ਬਾਅਦ ਦੁਕਾਨਦਾਰ ਨੂੰ ਬੋਲਿਆ, ''ਭਾਅ ਜੀ, ਥੋੜ੍ਹੀ ਖੰਡ ਦੇਣਾ।" ਦੁਕਾਨਦਾਰ, ''ਕਿਉਂ?"
ਸੂਰਜ, ''ਸੋਚ ਰਿਹਾ ਹਾਂ, ਇੰਨਾ ਖਾਣ ਤੋਂ ਬਾਅਦ ਕੁਝ ਮਿੱਠਾ ਹੋ ਜਾਵੇ।"










# ਮੈਰੀਲੈਂਡ ਅਮਰੀਕਾ ਵਿੱਚ ਡਾ. ਅੰਬੇਡਕਰ ਦੀ ਸਭ ਤੋਂ ਵੱਡੀ ਮੂਰਤੀ ਦਾ ਉਦਘਾਟਨ



ਮੈਰੀਲੈਂਡ: ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੀ 19 ਫੁੱਟ ਉੱਚੀ ਮੂਰਤੀ ਦਾ ਵਾਸ਼ਿੰਗਟਨ ਵਿੱਚ ਉਦਘਾਟਨ ਕੀਤਾ ਗਿਆ ਹੈ। ਦੇਸ਼ ਤੋਂ ਬਾਹਰ ਇਹ ਉਨ੍ਹਾਂ ਦੀ ਸਭ ਤੋਂ ਵੱਡੀ ਮੂਰਤੀ ਹੈ। ਵਾਸ਼ਿੰਗਟਨ, ਮੈਰੀਲੈਂਡ ਵਿੱਚ ਹੋਏ ਉਦਘਾਟਨ ਸਮਾਰੋਹ ਵਿੱਚ ਭਾਰਤੀ ਮੂਲ ਦੇ 500 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ।ਉਨ੍ਹਾਂ ਜੈ ਭੀਮ ਦੇ ਨਾਅਰੇ ਲਾਏ। ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਲੋਕਾਂ ਨੇ ਮੀਂਹ ਵਿੱਚ 10 ਘੰਟੇ ਦਾ ਸਫ਼ਰ ਤੈਅ ਕੀਤਾ। ਅੰਬੇਡਕਰ ਦੀ ਮੂਰਤੀ ਨੂੰ ਮੂਰਤੀਕਾਰ ਰਾਮ ਸੁਤਾਰ ਨੇ ਡਿਜ਼ਾਈਨ ਕੀਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੁਨੀਆ ਦੀ ਸਭ ਤੋਂ ਵੱਡੀ ਮੂਰਤੀ ਸਟੈਚੂ ਆਫ ਯੂਨਿਟੀ ਵੀ ਬਣਾਈ ਸੀ। ਸਰਦਾਰ ਪਟੇਲ ਦੀ ਇਹ ਮੂਰਤੀ ਗੁਜਰਾਤ ਵਿੱਚ ਬਣੀ ਹੈ।ਮੀਂਹ ਦੇ ਵਿਚਕਾਰ ਭਾਰਤੀ ਮੂਲ ਦੇ ਲੋਕ ਡਾ: ਭੀਮ ਰਾਓ ਅੰਬੇਡਕਰ ਦੀ 19 ਫੁੱਟ ਉੱਚੀ ਮੂਰਤੀ ਦੇ ਉਦਘਾਟਨ ਸਮਾਰੋਹ ਵਿੱਚ ਪੁੱਜੇ।ਪੀਐਮ ਮੋਦੀ ਨੇ ਉਦਘਾਟਨ ਦੀ ਵਧਾਈ ਦਿੱਤੀ।ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਅੰਬੇਡਕਰ ਦੀ ਮੂਰਤੀ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਮੋਦੀ ਦਾ ਸੰਦੇਸ਼ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਅੰਬੇਡਕਰ ਦੇ ਪੈਰੋਕਾਰਾਂ ਨੇ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਅਖੰਡ ਭਾਰਤ ਦੀ ਨੀਂਹ ਰੱਖੀ ਹੈ।ਅੰਬੇਡਕਰ ਇੰਟਰਨੈਸ਼ਨਲ ਸੈਂਟਰ ਦੇ ਪ੍ਰਧਾਨ ਰਾਮ ਕੁਮਾਰ ਨੇ ਕਿਹਾ ਕਿ ਅਸਮਾਨਤਾ ਸਿਰਫ਼ ਭਾਰਤ ਦੀ ਹੀ ਨਹੀਂ ਸਗੋਂ ਪੂਰੀ ਦੁਨੀਆ ਦੀ ਸਮੱਸਿਆ ਹੈ। ਇਸ ਲਈ ਬਾਬਾ ਸਾਹਿਬ ਦੀ ਮੂਰਤੀ ਨੂੰ ਸਮਾਨਤਾ ਦੀ ਮੂਰਤੀ ਦਾ ਨਾਂ ਦਿੱਤਾ ਗਿਆ ਹੈ।ਦਲਿਤ ਇੰਡੀਅਨ ਚੈਂਬਰਜ਼ ਆਫ਼ ਕਾਮਰਸ ਦੇ ਪ੍ਰਧਾਨ ਰਵੀ ਕੁਮਾਰ ਨੇ ਕਿਹਾ- ਪਹਿਲਾਂ ਅੰਬੇਡਕਰ ਸਿਰਫ਼ ਦਲਿਤ ਨੇਤਾ ਵਜੋਂ ਜਾਣੇ ਜਾਂਦੇ ਸਨ। ਹੁਣ ਉਹ ਇੱਕ ਅਜਿਹੇ ਨੇਤਾ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਨੇ ਔਰਤਾਂ ਅਤੇ ਪਛੜੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਹੁਣ ਦੁਨੀਆ ਦੇ ਗਰੀਬ ਦੇਸ਼ ਉਸ ਦੇ ਵਿਚਾਰਾਂ 'ਤੇ ਚੱਲਣ ਦੀ ਸੋਚ ਰਹੇ ਹਨ।ਡਾਕਟਰ ਸਵਿਤਾ ਅੰਬੇਡਕਰ ਪੇਸ਼ੇ ਤੋਂ ਡਾਕਟਰ ਸੀ ਅਤੇ ਇਲਾਜ ਦੌਰਾਨ ਬਾਬਾ ਸਾਹਿਬ ਉਨ੍ਹਾਂ ਨੂੰ ਮਿਲੇ ਸਨ।

.ਡਾ. ਭੀਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਜ਼ਿਲ੍ਹੇ ਵਿੱਚ ਇੱਕ ਮਹਾਰ ਪਰਿਵਾਰ ਵਿੱਚ ਹੋਇਆ ਸੀ। ਉਸ ਸਮੇਂ ਮਹਾਰ ਜਾਤ ਨੂੰ ਅਛੂਤ ਮੰਨਿਆ ਜਾਂਦਾ ਸੀ। ਬਾਬਾ ਸਾਹਿਬ ਦੇ ਪਿਤਾ ਆਰਮੀ ਵਿੱਚ ਸਨ ਅਤੇ ਇੱਥੇ ਕੰਮ ਕਰਕੇ ਰਹਿੰਦੇ ਸਨ। ਉਸ ਦੇ ਪੂਰਵਜ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਦੇ ਅੰਬਦਾਵੇ ਪਿੰਡ ਨਾਲ ਸਬੰਧਤ ਸਨ।ਭੀਮ ਰਾਓ ਅੰਬੇਡਕਰ ਦਾ ਪਹਿਲਾ ਵਿਆਹ 1906 ਵਿੱਚ ਰਮਾਬਾਈ ਨਾਲ ਹੋਇਆ ਸੀ। ਰਮਾਬਾਈ ਨੇ ਉਸ ਦੀ ਪੜ੍ਹਾਈ ਵਿਚ ਬਹੁਤ ਮਦਦ ਕੀਤੀ। ਦੋਵਾਂ ਦੇ 5 ਬੱਚੇ ਸਨ, ਜਿਨ੍ਹਾਂ ਵਿੱਚੋਂ ਸਿਰਫ਼ ਯਸ਼ਵੰਤ ਅੰਬੇਡਕਰ ਹੀ ਬਚੇ ਸਨ। ਲੰਬੀ ਬਿਮਾਰੀ ਤੋਂ ਬਾਅਦ 27 ਮਈ 1935 ਨੂੰ ਰਮਾਬਾਈ ਦੀ ਮੌਤ ਹੋ ਗਈ।ਦੂਜੀ ਪਤਨੀ ਸਵਿਤਾ ਦਾ ਜਨਮ ਇੱਕ ਅਗਾਂਹਵਧੂ ਸੋਚ ਵਾਲੇ ਬ੍ਰਾਹਮਣ ਪਰਿਵਾਰ ਵਿੱਚ ਹੋਇਆ ਸੀ।27 ਜਨਵਰੀ 1909 ਨੂੰ ਜਨਮੀ, ਸ਼ਾਰਦਾ (ਭੀਮ ਰਾਓ ਨਾਲ ਵਿਆਹ ਤੋਂ ਬਾਅਦ ਸਵਿਤਾ ਅੰਬੇਡਕਰ ਬਣ ਗਈ) ਇੱਕ ਮੱਧ-ਵਰਗੀ ਸਾਰਸਵਤ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਸੀ। ਉਸ ਦੇ ਪਿਤਾ ਭਾਰਤੀ ਮੈਡੀਕਲ ਕੌਂਸਲ ਦੇ ਰਜਿਸਟਰਾਰ ਸਨ। ਸ਼ਾਰਦਾ ਨੇ 1937 ਵਿੱਚ ਮੁੰਬਈ ਤੋਂ ਐਮਬੀਬੀਐਸ ਦੀ ਡਿਗਰੀ ਪ੍ਰਾਪਤ ਕੀਤੀ। ਉਸ ਸਮੇਂ ਇੱਕ ਕੁੜੀ ਲਈ ਡਾਕਟਰ ਬਣਨਾ ਹੈਰਾਨੀਜਨਕ ਸੀ।ਡਾ. ਸਵਿਤਾ ਆਪਣੀ ਆਤਮਕਥਾ ਵਿੱਚ ਲਿਖਦੀ ਹੈ ਕਿ ਮੇਰਾ ਪਰਿਵਾਰ ਪੜ੍ਹਿਆ-ਲਿਖਿਆ ਅਤੇ ਆਧੁਨਿਕ ਸੀ।

ਉਸ ਦੇ ਅੱਠ ਭੈਣ-ਭਰਾਵਾਂ ਵਿੱਚੋਂ ਛੇ ਨੇ ਆਪਣੀ ਜਾਤ ਤੋਂ ਬਾਹਰ ਵਿਆਹ ਕੀਤਾ, ਪਰ ਉਨ੍ਹਾਂ ਦੇ ਮਾਪਿਆਂ ਨੇ ਕੋਈ ਇਤਰਾਜ਼ ਨਹੀਂ ਕੀਤਾ।

# ਮੋਹਨ ਭਾਗਵਤ ਦਾ ਅਜੀਬ ਦਾਅਵਾ

## ਭਾਰਤ ਪੰਜ ਹਜ਼ਾਰ ਸਾਲਾਂ ਤੋਂ ਧਰਮ ਨਿਰਪੱਖ ਰਾਸ਼ਟਰ ਹੈ

ਨਵੀਂ ਦਿੱਲੀ:ਰਾਸ਼ਟਰੀ ਸਵੈਂ ਸੇਵਕ ਸੰਘ (ਆਰਐਸਐਸ) ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਭਾਰਤ ਦਾ ਪੰਜ ਹਜ਼ਾਰ ਸਾਲ ਪੁਰਾਣੀ ਸੰਸਕ੍ਰਿਤੀ ਧਰਮ ਨਿਰਪੱਖ ਹੈ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਕਜੁੱਟ ਰਹਿ ਕੇ ਦੁਨੀਆਂ ਦੇ ਸਾਹਮਣੇ ਮਨੁੱਖੀ ਵਿਵਹਾਰ ਦੀ ਸਰਵੋਤਮ ਉਦਾਹਰਣ ਪੇਸ਼ ਕਰਨ ਦਾ ਸੱਦਾ ਦਿਤਾ। ਇਕ ਕਿਤਾਬ ਦੀ ਰਿਲੀਜ਼ ਲਈ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਭਾਗਵਤ ਨੇ ਲੋਕਾਂ ਨੂੰ ਅਪਣੀ ਮਾਤ ਭੂਮੀ ਲਈ ਭਗਤੀ, ਪ੍ਰੇਮ ਅਤੇ ਸਮਰਪਣ ਦੀ ਭਾਵਨਾ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ''ਅਸੀਂ ਅਪਣੀ ਮਾਤ ਭੂਮੀ ਨੂੰ ਸਾਡੀ ਰਾਸ਼ਟਰੀ ਏਕਤਾ ਦਾ ਇਕ ਜ਼ਰੂਰੀ ਹਿੱਸਾ ਮੰਨਦੇ ਹਾਂ।''ਕੁੱਝ ਸਾਲ ਪਹਿਲਾਂ 'ਘਰ ਵਾਪਸੀ' ਵਿਵਾਦ ਦੌਰਾਨ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਅਪਣੀ ਮੁਲਾਕਾਤ ਦਾ ਜ਼ਿਕਰ ਕਰਦੇ ਹੋਏ ਭਾਗਵਤ ਨੇ ਕਿਹਾ, ''ਉਨ੍ਹਾਂ (ਪ੍ਰਣਬ ਨੇ) ਕਿਹਾ ਸੀ ਕਿ ਭਾਰਤ ਦਾ ਸੰਵਿਧਾਨ ਧਰਮ ਨਿਰਪੱਖ ਹੈ। ਉਹ ਕੁੱਝ ਦੇਰ ਲਈ ਚੁੱਪ ਰਹੇ ਅਤੇ ਉਸ ਦੇ ਬਾਅਦ ਕਿਹਾ ਕਿ ਅਸੀਂ ਸਾਡੇ ਸੰਵਿਧਾਨ ਕਾਰਨ ਹੀ ਧਰਮ ਨਿਰਪੱਖ ਨਹੀਂ ਹਾਂ ਸਗੋਂ ਸੰਵਿਧਾਨ ਬਣਾਉਣ ਵਾਲੇ ਮਹਾਨ ਨੇਤਾਵਾਂ ਕਾਰਨ ਵੀ ਧਰਮ ਨਿਰਪੱਖ ਹਾਂ ਕਿਉਂਕਿ ਉਹ ਧਰਮ ਨਿਰਪੱਖ ਸਨ।''ਭਾਗਵਤ ਨੇ ਸਾਬਕਾ ਰਾਸ਼ਟਰਪਤੀ ਦੀਆਂ ਗੱਲਾਂ ਨੂੰ ਯਾਦ ਕਰਦੇ ਹੋਏ ਕਿਹਾ, ''ਉਹ ਫਿਰ ਕੁੱਝ ਸਮੇਂ ਲਈ ਰੁਕੇ ਅਤੇ ਉਸ ਤੋਂ ਬਾਅਦ ਕਿਹਾ ਕਿ ਅਸੀਂ ਉਦੋਂ ਤੋਂ ਹੀ ਧਰਮ ਨਿਰਪੱਖ ਨਹੀਂ ਹਨ। ਸਾਡਾ ਪੰਜ ਹਜ਼ਾਰ ਸਾਲ ਪੁਰਾਣਾ ਸਭਿਆਚਾਰ ਹੀ ਅਜਿਹਾ ਹੈ।'' ਸੰਘ ਮੁਖੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਪੰਜ ਹਜ਼ਾਰ ਸਾਲਾਂ ਤੋਂ ਇਕ ਧਰਮ ਨਿਰਪੱਖ ਰਾਸ਼ਟਰ ਹੈ। ਭਾਗਵਤ ਨੇ ਕਿਹਾ, ''ਸਾਡੇ ਦੇਸ਼ ਵਿਚ ਬਹੁਤ ਵਿਭਿੰਨਤਾ ਹੈ। ਇਕ-ਦੂਜੇ ਨਾਲ ਨਾ ਲੜੋ। ਅਪਣੇ ਦੇਸ਼ ਨੂੰ ਦੁਨੀਆਂ ਨੂੰ ਇਹ ਸਿਖਾਉਣ ਲਈ ਸਮਰੱਥ ਬਣਾਉ ਕਿ ਅਸੀਂ ਇਕ ਹਾਂ।'' ਉਨ੍ਹਾਂ ਕਿਹਾ ਕਿ ਭਾਰਤ ਦੀ ਹੋਂਦ ਦਾ ਇਹੀ ਇਕ ਟੀਚਾ ਹੈ।

# ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਗ੍ਰਿਫ਼ਤਾਰ

ਫਿਰੋਜ਼ਪੁਰ- ਜ਼ਿਲ੍ਹਾ ਕਾਂਗਰਸ ਕਮੇਟੀ ਫਿਰੋਜ਼ਪੁਰ ਦੇ ਪ੍ਰਧਾਨ ਅਤੇ ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਫਿਰੋਜ਼ਪੁਰ ਪੁਲਿਸ ਨੇ ਸਵੇਰੇ 5 ਵਜੇ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਖ਼ਿਲਾਫ਼ ਬੀ.ਡੀ.ਪੀ.ਓ. ਦਫ਼ਤਰ ਵਿਚ ਧਰਨਾ ਦੇਣ ਅਤੇ ਕੰਮ ਵਿਚ ਰੁਕਾਵਟ ਪਾਉਣ ਦੇ ਦੋਸ਼ ਹੇਠ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਇੱਥੇ ਦੱਸ ਦੇਈਏ ਕਿ ਕੁਲਬੀਰ ਜ਼ੀਰਾ ਖ਼ੁਦ ਗ੍ਰਿਫ਼ਤਾਰੀ ਦੇਣ ਵਾਲੇ ਸਨ। ਇਸ ਸਬੰਧੀ ਉਨ੍ਹਾਂ ਨੇ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਪਾ ਕੇ ਲਿਖਿਆ ਸੀ ਕਿ ਉਹ 17 ਅਕਤੂਬਰ ਨੂੰ ਗ੍ਰਿਫ਼ਤਾਰੀ ਦੇਣਗੇ, ਜਦੋਂਕਿ ਇਸ ਤੋਂ ਪਹਿਲਾਂ ਹੀ ਪੁਲਿਸ ਨੇ ਉਨ੍ਹਾਂ ਗ੍ਰਿਫ਼ਤਾਰ ਕਰ ਲਿਆ।


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ

604-518-4698






THE GRAND TAJ
BANQUET HALL

Khalsa Business Centre, 84th Ave. & 128th St., Surrey



CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਕਾਵਿ ਕਿਆਰੀ

## ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਚਿਤਵਦਿਆਂ

**ਗੁਰਭਜਨ ਸਿੰਘ ਗਿੱਲ**

ਜਬਰ ਜ਼ੁਲਮ ਦਾ ਟੋਲਾ ਜਦ ਵੀ,
ਹੱਲੇ ਕਰ ਕਰ ਆਉਂਦਾ ਹੈ।
ਬੰਦਾ ਸਿੰਘ ਬਹਾਦਰ ਨੂੰ ਤਦ,
ਸਰਹੰਦ ਫੇਰ ਬੁਲਾਉਂਦਾ ਹੈ।
ਤਿੰਨ ਸਦੀਆਂ ਵਿਚ ਰੋਜ਼ ਗਰਕਦੇ,
ਏਥੋਂ ਤੱਕ ਹਾਂ ਪਹੁੰਚ ਗਏ,
ਹੋਰ 'ਧਰਤ' ਤੋਂ ਗੋਬਿੰਦ ਆਵੇ,
ਏਹੋ ਹੀ ਦਿਲ ਚਾਹੁੰਦਾ ਹੈ।
ਪੋਥੀ ਪੰਥ ਭੁਲਾ ਕੇ ਆਪਾਂ,
ਤੁਰ ਪਏ ਆਂ ਜੀ, ਕਿਹੜੇ ਰਾਹ,
ਮਨ ਦਾ ਪੰਛੀ ਭਟਕ ਰਿਹਾ ਹੈ,
ਭਾਵੇਂ ਅੰਬਰ ਗਾਹੁੰਦਾ ਹੈ।
ਧਰਮ ਕਰਮ ਦਾ ਗੂੜ੍ਹਾ ਰਿਸ਼ਤਾ,
ਟੁੱਟ ਜਾਵੇ ਤਾਂ ਜੁੜਨ ਮੁਹਾਲ,
ਜੇ ਜੁੜ ਜਾਵੇ, ਕਰਜ਼ ਧਰਤ ਦਾ,
ਓਹੀ ਸਿਰ ਤੋਂ ਲਾਹੁੰਦਾ ਹੈ।
ਪਵਨ ਗੁਰੂ, ਪਾਣੀ ਹੈ ਬਾਬਲ,
ਧਰਤੀ ਨੂੰ ਜੋ ਮਾਂ ਸਮਝਣ,
ਉਨ੍ਹਾਂ ਦਾ ਟੱਬਰ ਹੀ ਰਲ ਕੇ,
ਛਾਵੇਂ ਮੰਜੇ ਡਾਹੁੰਦਾ ਹੈ।
ਸਭ ਨੂੰ ਖ਼ੁਦ ਨੂੰ ਕਿੰਨੀ ਵਾਰੀ,
ਪੁੱਛਿਆ ਹੈ ਮੈਂ ਘੜੀ ਮੁੜੀ,
ਸਾਡੇ ਅੰਦਰ ਬੈਠਾ ਕਿਹੜਾ,
ਸੁਪਨ-ਮਹਿਲ ਜੋ ਢਾਹੁੰਦਾ ਹੈ।
ਸਾਡੇ ਘਰ ਤੋਂ ਅਮਰੀਕਾ ਤੱਕ,
ਜਾਲ ਵਿਛਾਇਆ ਅਣਦਿਸਦਾ,
ਕਿਹੜਾ ਚਤਰ ਸ਼ਿਕਾਰੀ ਹੈ ਜੋ,
ਉੱਡਣੇ ਪੰਛੀ ਫਾਹੁੰਦਾ ਹੈ।

## ਧਰਤੀ ਦੀ ਕੰਬਣੀ

ਪਿਆ ਖਲਾਰਾ, ਉਲਝਿਆ ਤਾਣਾ
ਲੋਕਾਂ ਦੇ ਕੁਝ ਪਿਆ ਨਾ ਪੱਲੇ,
ਵੋਟ ਡੁਗਡੁਗੀ ਵਜਾਵੇ ਨੇਤਾ
ਲੋਕੀਂ ਆਖਣ ਬੱਲੇ-ਬੱਲੇ।
ਸਭ ਦੇ ਅੰਦਰ ਸ਼ੋਰ ਹੈ ਡਾਢਾ
ਸੰਤਾਲੀ ਦੇ ਹੁਣ ਜਾਪਣ ਹੱਲੇ,
ਧਰਤੀ ਵੀ ਹੈ ਕੰਬਦੀ ਲੱਗਦੀ
ਝੂਠਾ ਉੱਪਰ, ਸੱਚਾ ਥੱਲੇ।
ਜੇਲ੍ਹੋਂ ਛੁੱਟਿਆ ਨੇਤਾ ਤੱਕਣ
ਲੋਕੀਂ ਲੱਗਦੇ ਹੋ ਗਏ ਝੱਲੇ,
ਹਰਮਨ ਪਿਆਰਾ ਉਸ ਕੀ ਹੋਣਾ
ਲੋਕਾਂ ਦੀ ਜੋ ਰੂਹ ਨੂੰ ਸੱਲ੍ਹੇ।
ਅੰਧਕਾਰ ਨੂੰ ਚੀਰਨ ਖ਼ਾਤਰ
ਕਿਹੜਾ ਵਾਰਸ ਥਾਂ ਜੋ ਮੱਲੇ,
ਤਾਕਤਾਂ ਵਾਲੇ ਜ਼ੁਲਮ ਕਮਾਉਂਦੇ
ਸ਼ਾਇਰ ਹੁੰਦਾ ਲੋਕਾਂ ਵੱਲੇ।
ਕਿੱਧਰ ਗਏ ਨੇ ਅਕਲਾਂ ਵਾਲੇ
ਕਿਹੋ ਜਿਹੇ ਸੁਦਾਗਰ ਘੱਲੇ,
ਦਿਨੇਂ ਵਿਖਾਉਂਦੇ ਸੁਪਨੇ ਲੋਕੀਂ
ਵੰਡਦੇ ਫਿਰਦੇ ਮੁੰਦੀਆਂ-ਛੱਲੇ।

**ਮਨਮੋਹਨ ਸਿੰਘ ਦਾਊਂ**
**ਸੰਪਰਕ: 98151-23900**

## ਮਾਰੂਥਲ ਜਾਂ ਦਰਿਆ

**ਜਗਜੀਤ ਗੁਰਮ**

ਫੁੱਲਾਂ ਦੇ ਸੰਗ ਕੰਡੇ ਵੀ ਤਾਂ ਆਏ ਹਨ ਗੁਲਦਸਤੇ ਵਿੱਚ
ਮਾਰੂਥਲ ਜਾਂ ਦਰਿਆ ਅਕਸਰ ਹੁੰਦੇ ਪਿਆਰ ਦੇ ਰਸਤੇ ਵਿੱਚ।
ਇੱਜ਼ਤ, ਸ਼ੌਹਰਤ, ਜਾਨ ਗਈ ਹੈ ਇਨ੍ਹਾਂ ਨੇ ਤਾਂ ਜਾਣਾ ਸੀ
ਫਿਰ ਤਾਂ ਚੰਗਾ ਛੁੱਟ ਗਿਆ ਤੂੰ ਇਸ਼ਕ ਦੇ ਹੱਥੋਂ ਸਸਤੇ ਵਿੱਚ।
ਇਨਸਾਫ਼ ਤੁਸੀਂ ਇਸ ਕਤਲ ਦਾ ਜੇਕਰ ਲੈਣਾ ਚਾਹੁੰਦੇ ਹੋ
ਧਰਨਾ ਲਾਓ, ਨਾਅਰੇ ਲਾਓ ਲਾਸ਼ ਟਿਕਾ ਕੇ ਰਸਤੇ ਵਿੱਚ।
ਆਟਾ, ਦਾਲ਼ ਤੇ ਚਾਵਲ ਦੇ ਕੇ ਜਿਉਂਦਾ ਰੱਖਿਆ ਹੋਇਆ ਹੈ
ਕਾਪੀ, ਪੈੱਨ, ਕਿਤਾਬ ਨਾ ਦਿੰਦੇ ਸਭ ਨੂੰ ਰਹਬਿਰ ਬਸਤੇ ਵਿੱਚ।
ਧੌਣ ਝੁਕਾ ਕੇ ਲੰਘ ਜਾਂਦਾ ਹੈ ਮਜਬੂਰੀਵੱਸ ਕੋਲੋਂ ਦੀ
ਪਰ ਆਪਣਾਪਣ ਭੋਰਾ ਨਾ ਹੁੰਦਾ ਹੁਣ ਉਸ ਦੀ ਨਮਸਤੇ ਵਿੱਚ।
ਆਪਣਿਆਂ ਨੂੰ ਵੱਢਣ ਵੇਲੇ ਭੋਰਾ ਮੁਚਦਾ, ਝੁਕਦਾ ਨਹੀਂ
ਗ਼ੈਰਾਂ ਦੇ ਹੱਥਾਂ ਵਿੱਚ ਆ ਕੇ ਜ਼ੋਰ ਗਿਆ ਆ ਦਸਤੇ ਵਿੱਚ।
ਕਿੰਨੀ ਸੋਹਣੀ ਬਹਿਰ ਵਜ਼ਨ ਵਿੱਚ ਜਗਜੀਤ ਗੁਰਮ ਦੀ ਜ਼ਿੰਦਗੀ
ਪਰ ਕੁਝ ਲੋਕਾਂ ਦਾ ਧਿਆਨ ਰਹੇ ਛੋਟੇ ਮੋਟੇ ਸਕਤੇ ਵਿੱਚ।

ਸੰਪਰਕ: 99152-64836

## .ਗਜ਼ਲ

**ਜਸਵਿੰਦਰ ਸਿੰਘ 'ਰੁਪਾਲ'**

ਕੁੱਟਦੇ ਤੇ ਲੁੱਟਦੇ ਨੂੰ ਦੇਖ ਕੇ,
ਦਰਦ ਉਸਦਾ ਪੀਵਣਾ ਮੁਸ਼ਕਲ ਬੜਾ।
ਵਕਤ ਦੇ ਲੋਟੂ ਨੂੰ ਵੀ ਵੰਗਾਰਨਾ,
ਖ਼ੂਬ ਉੱਚੀ ਗੱਜਣਾ ਮੁਸ਼ਕਲ ਬੜਾ।
ਪੁੱਤ ਮੇਰੇ ਨੇ ਕਟਾ ਲਏ ਕੇਸ ਹੁਣ,
ਕਰ ਨਸ਼ਾ ਉਹ ਮਹਿਫਲਾਂ ਵਿਚ ਜਾ ਰਿਹੈ,
ਚਾਰ ਦਿਨ ਸੁੱਖਾਂ ਦੇ ਪਰ ਮੈਂ ਕੱਟਣੇ,
ਹੈ ਮੇਰੇ ਲਈ ਟੋਕਣਾ ਮੁਸ਼ਕਲ ਬੜਾ।
ਮੈਂ ਨਿਭਾਉਂਦਾ ਆ ਰਿਹਾ ਅਜ਼ਲੋਂ ਵਫ਼ਾ,
ਬੇਵਫਾ ਬਣ ਕੇ ਵਿਚਰਦਾ ਤੂੰ ਰਿਹੈਂ
ਨਾ ਭੁਲਾ ਸਕਿਆ ਹਾਂ ਤੇਰੀ ਯਾਦ ਨੂੰ,
ਉਹ ਭਲੇ ਦਿਨ ਭੁੱਲਣਾ ਮੁਸ਼ਕਲ ਬੜਾ।
ਦਿਲ ਮੇਰੇ ਦਾ ਬਾਦਸ਼ਾਹ ਹੈਂ ਕ੍ਰਿਸ਼ਨ ਤੂੰ,
ਮੈਂ ਸੁਦਾਮਾ ਹਾਂ ਗ਼ਰੀਬੀ ਭੰਨਿਆ,
ਦਰ ਤੇਰੇ ਹਾਂ ਆ ਖੜ੍ਹਾ ਕੀ ਸੋਚਦੈਂ,
ਦੋਸਤੀ ਨੂੰ ਪਾਲਣਾ ਮੁਸ਼ਕਲ ਬੜਾ।
ਭਰਮ ਵਿੱਚ ਰੱਸੀ ਜੇ ਸਮਝੇ ਸੱਪ ਨੂੰ,
ਜ਼ਹਿਰ ਉਸ ਦੇ ਤੋਂ ਤਾਂ ਬਚ ਸਕਦੇ ਨਹੀਂ,
ਜਾਣ ਬੁੱਝ ਕੇ ਖੁੱਡ ਵਿੱਚੋਂ ਟੋਲ ਕੇ,
ਸੱਪ ਦਾ ਮੂੰਹ ਚੁੰਮਣਾ ਮੁਸ਼ਕਲ ਬੜਾ।
ਆਪਣੇ ਹੁਣ ਵੈਰ ਕੱਢਣ ਆ ਰਹੇ,
ਗ਼ੈਰ ਆ ਕੇ ਦਿਲ 'ਚ ਨੇ ਥਾਂ ਲੱਭਦੇ,
ਆਪਣਾ ਕਿਹੜਾ ਬਿਗਾਨਾ ਕੌਣ ਏ,
ਫ਼ਰਕ ਤਾਈਂ ਢੂੰਡਣਾ ਮੁਸ਼ਕਲ ਬੜਾ।
ਧੀ ਉਹਦੀ ਨੂੰ ਅੱਗ ਵੈਰਨ ਖਾ ਗਈ,
ਪੁੱਤ ਛੋਟਾ ਕੰਮ ਭੱਠੇ ਤੇ ਕਰੇ,
ਕੰਤ ਨਾਅਰੇ ਮਾਰਦਾ ਫੜਿਆ ਗਿਆ,
ਹਉਕਿਆਂ ਨੂੰ ਠੱਲ੍ਹਣਾ ਮੁਸ਼ਕਲ ਬੜਾ।
ਕਾਗਜ਼ਾਂ ਵਿੱਚ ਰੋਸ ਪ੍ਰਗਟਾਵੇ ਬੜਾ,
ਜਲਸਿਆਂ ਵਿੱਚ ਉਹ ਬੜੇ ਭਾਸ਼ਨ ਕਰੇ,
ਸਾਹਮਣੇ ਆਵੇ ਕਦੇ ਜ਼ਾਲਮ ਜਦੋਂ,
ਲੱਗਦੈ ਮੂੰਹ ਖੋਲ੍ਹਣਾ ਮੁਸ਼ਕਲ ਬੜਾ।

ਸੰਪਰਕ: 98147-15796

## .ਗਜ਼ਲ

**ਅਮਨ ਦਾਤੇਵਾਸੀਆ**

ਕੱਢਣਾ ਚਾਹੁੰਨਾ ਨ੍ਹੇਰ ਜੰਜਾਲ।
ਮਸਤਕ ਦੇ ਵਿੱਚ ਦੀਵਾ ਬਾਲ,
ਬੁੱਧ ਵਿਵੇਕ ਨੂੰ ਕਰ ਸੁਰਤਾਲ,
ਦੇਖੀਂ ਮੰਜ਼ਿਲ ਮਿਲੂ ਹਰ ਹਾਲ।
ਜਿੱਤਣ ਦਾ ਤੂੰ ਸਬਕ ਲੈ ਪਾਲ।
ਤੁਰਿਆ ਚੱਲ ਬੱਸ ਮੱਠੀ ਚਾਲ।
ਠੀਕ ਨਿਸ਼ਾਨਾ ਰੱਖ ਕੇ ਨਾਲ।
ਇਉਂ ਮਾਰ ਟਿਕਾਣੇ ਉੱਤੇ ਛਾਲ।
ਕਮੀ ਬਣਾ ਲਈਂ ਅਪਣੀ ਢਾਲ,
ਡਿੱਗਣ ਦਾ ਨਹੀਂ ਫੇਰ ਸਵਾਲ,
'ਅਮਨ' ਅਜੇਹੀ ਘਾਲ ਤੂੰ ਘਾਲ।

ਸੰਪਰਕ: 94636-09540

## ਬਾਪੂ ਵਾਲਾ ਸਾਈਕਲ

**ਗੁਰਪ੍ਰੀਤ ਸਿੰਘ ਵਿੱਕੀ**



ਜਦੋਂ ਬਾਪੂ ਵਾਲਾ ਸਾਈਕਲ
ਪਹਿਲੀ ਵਾਰ ਚਲਾਇਆ ਸੀ,
ਮਾਰ ਕੇ ਪੈਡਲ ਉਹਨੂੰ
ਹਵਾ ਵਿੱਚ ਉਡਾਇਆ ਸੀ,
ਪਾ ਕੱਚੇ ਰਸਤੇ 'ਤੇ ਉਹਨੂੰ
ਰੇਲ ਦੇ ਵਾਂਗ ਭਜਾਇਆ ਸੀ।
ਹੋ ਗਿਆ ਸਾਂ ਮੁੜ੍ਹਕੋ ਮੁੜ੍ਹਕੀ
ਪਰ ਦਿਲ ਨੂੰ ਚੈਨ ਨਹੀਂ ਆਇਆ ਸੀ,
ਇੱਕ ਵਾਰੀ ਤਾਂ ਗਿਰਨ ਸੀ ਲੱਗਾ
ਪਜਾਮਾ ਚੈਨ ਦੇ ਵਿੱਚ ਫਸਾਇਆ ਸੀ।
ਟਣ ਟਣ ਜਿਹੀ ਸੋਹਣੀ ਸੀ ਲੱਗੀ
ਜਦੋਂ ਟੱਲੀ ਨੂੰ ਖੜਕਾਇਆ ਸੀ,
ਮੈਂ ਦੱਸ ਨਹੀਂ ਸਕਦਾ ਉਸ ਵੇਲੇ
ਕਿੰਨਾ ਸਕੂਨ ਜਿਹਾ ਆਇਆ ਸੀ,
ਹੁਣ ਤਾਂ ਬੱਸ ਯਾਦਾਂ ਹੀ ਬਚੀਆਂ
ਕਦੇ ਬਚਪਨ ਸਾਡੇ 'ਤੇ ਆਇਆ ਸੀ।

ਸੰਪਰਕ: 82848-88700




# FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)

www.fraserviewmeats.com

# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1550
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# .Ck Auto.

**CK AUTO SERVICES LTD.**




ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**SALE** BUY 4 TIRES & GET ALLIGNMENT AT 1/2 PRICE
FLAT TYRE REPAIR FREE




**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

**On All Seasons & Winter Tires**
(Auplus & Comforser)

**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00



**215/70R15**
GOOD YEAR INTEGRITY
Reg: ~~$120.00~~
Now : $90.00



**SALE**

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

**Cell: 778-322-1610, Tel: 604-592-2667** #106-13112-84th Ave.,Surrey

---

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

**#1 Services On Your Special Events**

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com